ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 212 Tuesday, November 03, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਸਕਾਰਬੌਰੋ ਦੇ ਸਕੂਲ ਦੇ ਟੀਚਰਜ਼ ਤੇ ਅਮਲਾ ਮੈਂਬਰਾਂ ਵੱਲੋਂ ਕੰਮ ਕਰਨ ਤੋਂ ਇਨਕਾਰ

ਸਕਾਰਬੌਰੋ, 2 ਨਵੰਬਰ (ਪੋਸਟ ਬਿਊਰੋ): ਸਕਾਰਬੌਰੋ ਦੇ ਇੱਕ ਐਲੀਮੈਂਟਰੀ ਸਕੂਲ, ਜਿਹੜਾ ਕੋਵਿਡ-19 ਆਊਟਬ੍ਰੇਕ ਦੇ ਬਾਵਜੂਦ ਖੁੱਲ੍ਹਾ ਰਿਹਾ, ਦੇ ਟੀਚਰਜ਼ ਤੇ ਅਮਲਾ ਮੈਂਬਰਾਂ ਵਿੱਚੋਂ ਕਈਆਂ ਨੇ ਹੁਣ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਬੀਤੇ ਸ਼ੁੱਕਰਵਾਰ ਨੂੰ ਬਰਚਮਾਊਂਟ ਰੋਡ ਤੇ ਹਾਈਵੇਅ 401 ਨੇੜੇ ਗਲੈਮੌਰਗਨ ਜੂਨੀਅਰ ਪਬਲਿਕ ਸਕੂਲ ਦੇ ਨੌਂ ਸਟਾਫ ਮੈਂਬਰ ਤੇ ਦੋ ਵਿਦਿਆਰਥੀਆਂ ਦੇ ਕੋਵਿਡ-19 ਪਾਜ਼ੀਟਿਵ ਹੋਣ ਦੀ ਪੁਸ਼ਟੀ ਹੋਈ ਸੀ। ਟੋਰਾਂਟੋ ਪਬਲਿਕ ਹੈਲਥ ਦੇ ਹੁਕਮਾਂ ਦੇ ਮੱਦੇਨਜ਼ਰ 58 ਹੋਰ ਵਿਦਿਆਰਥੀਆਂ ਨੂੰ ਸੈਲਫ ਆਈਸੋਲੇਟ ਹੋਣਾ ਪਿਆ। ਸੋਮਵਾਰ ਸਵੇਰੇ ਕਈ ਸਟਾਫ ਮੈਂਬਰ ਸਕੂਲ ਦੇ ਬਾਹਰ ਇਹ ਆਖਦੇ ਨਜ਼ਰ ਆਏ ਕਿ ਆਊਟਬ੍ਰੇਕ ਦੇ ਚੱਲਦਿਆਂ ਸਕੂਲ ਨੂੰ ਬੰਦ ਕੀਤਾ ਜਾਵੇ।

ਗਲੈਮੌਰਗਨ ਜੂਨੀਅਰ ਪਬਲਿਕ ਸਕੂਲ ਦੇ ਅਮਲੇ ਨੇ ਪ੍ਰਿੰਸੀਪਲ ਟੈਰੀ ਮੋਲਨਰ ਤੇ ਟੀ ਡੀ ਐਸ ਬੀ ਨੂੰ ਆਰਜ਼ੀ ਤੌਰ ਉੱਤੇ ਸਕੂਲ ਬੰਦ ਕਰਨ ਜਾਂ




ਵਾਧੂ ਸੇਫਟੀ ਮਾਪਦੰਡ ਲਾਗੂ ਕਰਨ ਦੀ ਅਪੀਲ ਕੀਤੀ ਪਰ ਸੋਮਵਾਰ ਤੱਕ ਸਕੂਲ ਖੁੱਲ੍ਹਿਆ ਹੋਇਆ ਸੀ। ਟੀ ਡੀ ਐਸ ਬੀ ਦੇ ਬੁਲਾਰੇ ਨੇ ਪਿਛਲੇ ਹਫਤੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਕੋਵਿਡ-19 ਆਊਟਬ੍ਰੇਕ ਸਕੂਲ ਦੇ ਇੱਕ ਵਿੰਗ ਤੱਕ ਹੀ ਸੀਮਤ ਸੀ ਤੇ ਉਨ੍ਹਾਂ ਵੱਲੋਂ ਇਹ ਦਾਅਵਾ ਵੀ ਕੀਤਾ ਗਿਆ ਸੀ ਕਿ ਬਾਕੀ ਸਕੂਲ ਵਿੱਚ ਕੋਈ ਵਾਇਰਸ ਨਹੀਂ ਪਾਇਆ ਗਿਆ।

# ਪਾਰਲੀਆਮੈਂਟ ਸਟਰੀਟ 'ਤੇ ਹਾਦਸਾ, ਇੱਕ ਜ਼ਖ਼ਮੀ



ਟੋਰਾਂਟੋ, 2 ਨਵੰਬਰ (ਪੋਸਟ ਬਿਊਰੋ) : ਸੋਮਵਾਰ ਸਵੇਰੇ ਪਾਰਲੀਆਮੈਂਟ ਸਟਰੀਟ ਉੱਤੇ ਪੁਲਿਸ ਕਰੂਜ਼ਰ ਦੀ ਸ਼ਮੂਲੀਅਤ ਵਾਲੇ ਇੱਕ ਹਾਦਸੇ ਕਾਰਨ ਬਲੂਅਰ ਸਟਰੀਟ ਤੋਂ ਵੈਲਸਲੇ ਤੱਕ ਸਟਰੀਟ ਬੰਦ ਕਰਨੀ ਪਈ।

ਦੋਵਾਂ ਪਾਸਿਆਂ ਤੋਂ ਆਵਾਜਾਈ ਬੰਦ ਕਰਨ ਤੋਂ ਬਾਅਦ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ। ਇਹ ਹਾਦਸਾ ਸਵੇਰੇ 8:00 ਵਜੇ ਪਾਰਲੀਆਮੈਂਟ ਸਟਰੀਟ ਤੇ ਜੇਮਜ਼ ਐਵਨਿਊ ਦਰਮਿਆਨ ਵਾਪਰਿਆ।

ਪੁਲਿਸ ਨੇ ਦੱਸਿਆ ਹਾਦਸੇ ਵਿੱਚ ਦੋ ਗੱਡੀਆਂ ਸ਼ਾਮਲ ਸਨ। ਇੱਕ ਪੁਲਿਸ ਅਧਿਕਾਰੀ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

# ਗੋਲੀ ਚੱਲਣ ਦੀਆਂ ਵਾਪਰੀਆਂ ਦੋ ਘਟਨਾਵਾਂ ਵਿਚ ਇਕ ਹਲਾਕ, ਕਈ ਜ਼ਖ਼ਮੀ

ਨਾਇਗਰਾ, 2 ਨਵੰਬਰ (ਪੋਸਟ ਬਿਊਰੋ) : ਨਾਇਗਰਾ ਫਾਲਜ਼ ਵਿੱਚ ਦੇਰ ਰਾਤ ਵਾਪਰੇ ਗੋਲੀਕਾਂਡ ਵਿੱਚ ਕਈ ਵਿਅਕਤੀ ਜ਼ਖ਼ਮੀ ਹੋ ਗਏ। ਇਸ ਦੌਰਾਨ ਲਿੰਕਨ ਟਾਊਨ ਵਿੱਚ ਗੋਲੀ ਚੱਲਣ ਦੀ ਵਾਪਰੀ ਇੱਕ ਹੋਰ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।ਇਹ ਜਾਣਕਾਰੀ ਨਾਇਗਰਾ ਪੁਲਿਸ ਵੱਲੋਂ ਦਿੱਤੀ ਗਈ।

ਪੁਲਿਸ ਨੂੰ ਸੈਂਟਰ ਸਟਰੀਟ ਤੇ ਐਲਨ ਐਵਨਿਊ ਇਲਾਕੇ ਵਿੱਚ ਗੋਲੀ ਚੱਲਣ ਦੀਆਂ ਰਿਪੋਰਟਾਂ ਤੋਂ ਬਾਅਦ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਕਈ ਲੋਕਾਂ ਨੂੰ ਗੋਲੀ ਲੱਗੀ ਤੇ ਸਾਰੇ ਜ਼ਖ਼ਮੀ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਪਰ ਸਾਰੇ ਖਤਰੇ ਤੋਂ ਬਾਹਰ ਦੱਸੇ ਗਏ। ਇਸ ਤੋਂ ਜ਼ਿਆਦਾ ਪੁਲਿਸ ਵੱਲੋਂ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ ਗਈ।

ਪੁਲਿਸ ਵੱਲੋਂ ਅਜੇ ਤੱਕ ਨਾ ਤਾਂ




ਜ਼ਖ਼ਮੀਆਂ ਦੀ ਗਿਣਤੀ ਦੱਸੀ ਗਈ ਤੇ ਨਾ ਹੀ ਉਨ੍ਹਾਂ ਦੀ ਉਮਰ ਤੇ ਲਿੰਗਕ ਪਛਾਣ ਬਾਰੇ ਹੀ ਕੋਈ ਜਾਣਕਾਰੀ ਦਿੱਤੀ ਗਈ। ਇਹ ਘਟਨਾ ਕਿਉਂ ਵਾਪਰੀ ਇਸ ਬਾਰੇ ਵੀ ਅਜੇ ਤੱਕ ਸਪਸ਼ਟ ਨਹੀਂ ਹੋ ਸਕਿਆ ਹੈ ਪਰ ਪੁਲਿਸ ਨੇ ਆਖਿਆ ਕਿ ਇਹ ਸੋਚ ਸਮਝ ਕੇ ਅੰਜਾਮ ਦਿੱਤੀ ਗਈ ਵਾਰਦਾਤ ਹੈ। ਕਿਸੇ ਵੀ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ।

ਇਸ ਦੌਰਾਨ ਲਿੰਕਨ ਟਾਊਨ ਵਿੱਚ ਗੋਲੀ ਚੱਲਣ ਦੀ ਵਾਪਰੀ ਇੱਕ ਹੋਰ ਘਟਨਾ ਦੇ ਸਬੰਧ ਵਿੱਚ ਨਾਇਗਰਾ ਪੁਲਿਸ ਨੂੰ ਮੌਕੇ ਉੱਤੇ ਸੱਦਿਆ ਗਿਆ।ਇਸ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।ਇਕ ਮਸ਼ਕੂਕ ਦੇ ਇਲਾਕੇ ਵਿੱਚ ਹੋਣ ਤੋਂ ਬਾਅਦ ਜਾਂਚਕਾਰਾਂ ਨੂੰ ਫਰੈਚਿਓਨੀ ਡਰਾਈਵ ਤੇ ਸੈਸ਼ੇ ਕੋਰਟ ਸੱਦਿਆ ਗਿਆ।ਪੁਲਿਸ ਵੱਲੋਂ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ ਗਈ।

# ਟੋਰਾਂਟੋ ਵਿੱਚ 60-70 ਲੋਕਾਂ ਨਾਲ ਪਾਰਟੀ ਕਰਨ ਵਾਲੇ ਖਿਲਾਫ ਲਾਏ ਗਏ ਚਾਰਜਿਜ਼

ਟੋਰਾਂਟੋ, 2 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਇੰਸੀਡੈਂਟ ਕਮਾਂਡਰ ਦਾ ਕਹਿਣਾ ਹੈ ਕਿ ਇਸ ਹੈਲੋਈਨ ਵੀਕੈਂਡ ਉੱਤੇ ਬਹੁਤੇ ਲੋਕਾਂ ਨੇ ਸਿਟੀ ਦੀਆਂ ਸੇਫਟੀ ਸਬੰਧੀ ਪ੍ਰੋਟੋਕਾਲਜ਼ ਦੀ ਪਾਲਣਾ ਕੀਤੀ ਪਰ ਇੱਕ ਆਰਗੇਨਾਈਜ਼ਰ ਨੂੰ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੋਮਵਾਰ ਨੂੰ ਕੋਵਿਡ-19 ਦੀ ਬ੍ਰੀਫਿੰਗ ਮੌਕੇ ਮੈਥਿਊ ਪੈਂਗ ਨੇ ਆਖਿਆ ਕਿ ਇੱਕ ਪ੍ਰਬੰਧਕ ਅਜਿਹਾ ਸੀ ਜਿਸ ਨੇ ਵੱਡੀ ਪਾਰਟੀ ਦਾ ਆਯੋਜਨ ਕੀਤਾ ਤੇ ਉਸ ਨੇ 10 ਤੋਂ ਵੱਧ ਲੋਕਾਂ ਨੂੰ ਇੱਕੋ ਵੇਲੇ ਵਿੱਚ ਇੰਡੋਰ ਪਾਰਟੀ ਕਰਨ ਦੀ ਖੁੱਲ੍ਹ ਦਿੱਤੀ। ਇਸ ਮਗਰੋਂ ਪੁਲਿਸ ਅਧਿਕਾਰੀ ਨੇ ਮੌਕੇ ਉੱਤੇ ਪਹੁੰਚ ਕੇ ਬਣਦੀ ਕਾਰਵਾਈ ਕੀਤੀ। ਇਸ ਪਾਰਟੀ ਦਾ ਪਤਾ ਲੱਗਦੇ ਸਾਰ ਪੁਲਿਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਤੇ ਇੱਕ ਆਰਗੇਨਾਈਜ਼ਰ ਖਿਲਾਫ ਚਾਰਜਿਜ਼ ਵੀ



ਲਾਏ ਗਏ ਹਨ। ਇਸ ਦੇ ਨਾਲ ਹੀ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਪੈਂਗ ਨੇ ਦੱਸਿਆ ਕਿ ਵੀਕੈਂਡ ਉੱਤੇ ਉਸ ਦੀ ਟੀਮ ਨੂੰ ਪ੍ਰਾਈਵੇਟ ਇੱਕਠਾਂ ਦੇ ਸਬੰਧ ਵਿੱਚ 33 ਸ਼ਿਕਾਇਤਾਂ ਮਿਲੀਆਂ। ਇਨ੍ਹਾਂ ਵਿੱਚੋਂ ਸਿਰਫ ਦੋ ਪਾਰਟੀਆਂ ਵਿੱਚ ਹੀ ਕਾਰਵਾਈ ਕਰਨ ਦੀ ਲੋੜ ਪਈ ਤੇ ਟਿਕਟਾਂ ਜਾਰੀ ਕੀਤੀਆਂ ਗਈਆਂ। ਉਨ੍ਹਾਂ ਪਬਲਿਕ ਹੈਲਥ ਮਾਪਦੰਡਾਂ ਦੀ ਪਾਲਣਾ ਕਰਨ ਲਈ ਸਾਰਿਆਂ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਪ੍ਰੋਵਿੰਸ ਵਿੱਚ ਜਾਰੀ ਨਿਯਮਾਂ ਮੁਤਾਬਕ 10 ਤੋਂ ਵੱਧ ਲੋਕਾਂ ਨਾਲ ਇੰਡੋਰ ਪਾਰਟੀ ਕਰਨ ਵਾਲੇ ਨੂੰ ਵੱਧ ਤੋਂ ਵੱਧ 10,000 ਡਾਲਰ ਦਾ ਜੁਰਮਾਨਾ ਹੋ ਸਕਦਾ ਹੈ ਜਦਕਿ ਅਜਿਹੀ ਪਾਰਟੀ ਵਿੱਚ ਹਿੱਸਾ ਲੈਣ ਵਾਲੇ ਹਰੇਕ ਵਿਅਕਤੀ ਨੂੰ 750 ਡਾਲਰ (ਪ੍ਰਤੀ ਵਿਅਕਤੀ) ਜੁਰਮਾਨਾ ਹੋ ਸਕਦਾ ਹੈ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal Qualified Credit Counsellor
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.6048
info@atozpestcontroltoronto.com | www.atozpestcontroltoronto.com


SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਅੱਜ ਬਦਲ ਸਕਦਾ ਹੈ ਮੌਸਮ ਦਾ ਮਿਜਾਜ਼



ਟੋਰਾਂਟੋ, 2 ਨਵੰਬਰ ( ਪੋਸਟ ਬਿਊਰੋ): ਕੱਲ੍ਹ ਸ਼ਾਮ ਨੂੰ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਸੀਜ਼ਨ ਦੀ ਪਹਿਲੀ ਬਰਫਬਾਰੀ ਨਾਲ ਅੱਜ ਮੌਸਮ ਦਾ ਮਿਜਾਜ਼ ਬਦਲਣ ਦੀ ਸੰਭਾਵਨਾ ਹੈ।

ਕੱਲ੍ਹ ਐਨਵਾਇਰਮੈਂਟ ਕੈਨੇਡਾ ਵੱਲੋਂ ਟੋਰਾਂਟੋ ਲਈ ਮੌਸਮ ਸਬੰਧੀ ਵਿਸ਼ੇਸ਼ ਟਿੱਪਣੀ ਜਾਰੀ ਕੀਤੀ ਗਈ। ਕੁੱਝ ਇਲਾਕਿਆਂ ਵਿੱਚ ਤਾਂ ਇੱਕ ਤੋਂ ਤਿੰਨ ਸੈਂਟੀਮੀਟਰ ਤੱਕ ਬਰਫਬਾਰੀ ਹੋਣ ਦੀ ਸੰਭਾਵਨਾ ਹੈ। ਫੈਡਰਲ ਵੈਦਰ ਏਜੰਸੀ ਨੇ ਤੇਜ਼ ਹਵਾਵਾਂ ਚੱਲਣ ਤੇ ਕਈ ਇਲਾਕਿਆਂ ਵਿੱਚ ਵਿਜ਼ੀਬਿਲਿਟੀ ਕਾਫੀ ਘੱਟ ਹੋਣ ਦੀ ਚੇਤਾਵਨੀ ਵੀ ਦਿੱਤੀ ਹੈ।

ਟੋਰਾਂਟੋ ਦੇ ਉੱਤਰੀ ਇਲਾਕਿਆਂ ਵਿੱਚ ਭਾਰੀ ਬਰਫਗਬਾਰੀ ਕਾਰਨ ਧੁੰਦ ਵਰਗੇ ਹਾਲਾਤ ਬਣੇ ਰਹਿਣਗੇ। ਸਿਟੀ ਤੇ ਪ੍ਰੋਵਿੰਸ ਦੇ ਕਈ ਹਿੱਸਿਆਂ ਵਿੱਚ ਬਿਜਲੀ ਗੁੱਲ ਹੋਣ ਦਾ ਵੀ ਖਤਰਾ ਹੈ।

# ਕੋਵਿਡ-19 ਦੌਰਾਨ ਵਧੀਆ ਕੰਮ ਬਦਲੇ ਪ੍ਰਿੰਸੀਪਲਜ਼ ਤੇ ਵਾਈਸ ਪ੍ਰਿੰਸੀਪਲਜ਼ ਨੂੰ ਦਿੱਤਾ ਜਾਵੇਗਾ ਬੋਨਸ

ਟਰੋਂਟੋ, 2 ਨਵੰਬਰ (ਪੋਸਟ ਬਿਊਰੋ) : ਆਪਣੇ ਸਟਾਫ ਨੂੰ ਵਧੀਆਂ ਕੰਮ ਬਦਲੇ ਸਨਮਾਨਿਤ ਕਰਨ ਲਈ ਟੋਰਾਂਟੋ ਪਬਲਿਕ ਸਕੂਲ ਬੋਰਡ ਵੱਲੋਂ ਆਪਣੇ ਪ੍ਰਿੰਸੀਪਲਜ਼ ਤੇ ਵਾਈਸ ਪ੍ਰਿੰਸੀਪਲਜ਼ ਲਈ ਬੋਨਸਿਜ਼ ਵਾਸਤੇ 2.4 ਮਿਲੀਅਨ ਡਾਲਰ ਖਰਚ ਕੀਤੇ ਜਾਣਗੇ। ਇਹ ਬੋਨਸ ਕੋਵਿਡ-19 ਮਹਾਂਮਾਰੀ ਦੌਰਾਨ ਪ੍ਰਿੰਸੀਪਲਜ਼ ਵੱਲੋਂ ਕੀਤੇ ਗਏ ਉਮਦਾ ਕੰਮ ਬਦਲੇ ਦਿੱਤੇ ਜਾਣਗੇ।

ਤਨਖਾਹ ਵਿੱਚ ਇਸ ਵਾਧੇ ਬਾਰੇ ਬੋਰਡ ਨੇ ਪਿੱਛੇ ਜਿਹੇ ਹੀ ਆਪਣੇ ਇੰਪਲਾਈਜ਼ ਨੂੰ ਜਾਣਕਾਰੀ ਦਿੱਤੀ। ਇਹ ਵੀ ਆਖਿਆ ਗਿਆ ਕਿ ਪ੍ਰਿੰਸੀਪਲਜ਼ ਤੇ ਵਾਈਸ ਪ੍ਰਿੰਸੀਪਲਜ਼ ਨੂੰ ਇਹ ਬੋਨਸ 10 ਦਸੰਬਰ ਤੱਕ ਦੇ ਦਿੱਤੇ ਜਾਣਗੇ। ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ ਬੁਲਾਰੇ ਰਾਇਨ ਬਰਡ ਨੇ ਆਖਿਆ ਕਿ ਸਤੰਬਰ ਵਿੱਚ ਸਕੂਲਾਂ ਨੂੰ ਸੁਰੱਖਿਅਤ ਢੰਗ ਨਾਲ ਖੋਲ੍ਹਣ ਲਈ ਪ੍ਰਿੰਸੀਪਲਜ਼ ਤੇ ਵਾਈਸ ਪ੍ਰਿੰਸੀਪਲਜ਼ ਨੂੰ ਅਗਸਤ ਤੋਂ ਹੀ ਕੰਮ ਸੁਰੂ ਕਰਨਾ ਪਿਆ।

ਇਨ੍ਹਾਂ ਵਾਧੂ ਦਿਨਾਂ ਨੂੰ ਮਾਨਤਾ ਦੇਣ ਲਈ ਪ੍ਰਿੰਸੀਪਲਜ਼ ਤੇ ਵਾਈਸ ਪ੍ਰਿੰਸੀਪਲਜ਼ ਨੂੰ 3.75 ਦਿਨਾਂ ਦੀ ਪੇਅ ਰੈਗੂਲਰ ਦਰਾਂ ਉੱਤੇ ਹਾਸਲ ਹੋਵੇਗੀ। ਇਹ ਸਮਰ ਸਕੂਲ ਦੀ ਰੋਜ਼ਾਨਾ ਰੇਟ ਤੋਂ 5 ਦਿਨਾਂ ਦੇ ਬਰਾਬਰ ਹੈ। ਹਾਲਾਂਕਿ ਇਸ ਸਬੰਧੀ ਬਿਲਕੁਲ ਸਹੀ ਨੰਬਰ ਉਪਲਬਧ ਨਹੀਂ ਹਨ ਪਰ ਇਸ ਵਾਧੂ ਪੇਅ ਨਾਲ ਸਕੂਲ ਬੋਰਡ ਉੱਤੇ 2.2 ਤੋਂ 2.4 ਮਿਲੀਅਨ ਡਾਲਰ ਦਾ ਵਾਧੂ ਬੋਝ ਪਵੇਗਾ।

ਇਨ੍ਹਾਂ ਤਨਖਾਹਾਂ ਵਿੱਚ ਵਾਧਾ ਟੀ ਡੀ ਐਸ ਬੀ ਲਈ ਮਾੜੇ ਦੌਰ ਵਿੱਚ ਆਇਆ ਹੈ। ਪਿਛਲੇ ਹਫਤੇ ਇਹ ਰਿਪੋਰਟ ਆਈ ਸੀ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਬੱਚੇ ਸਕੂਲ ਨਹੀਂ ਆ ਰਹੇ ਤੇ ਇਸ ਨਾਲ ਬੋਰਡ ਦਾ ਬਜਟ ਹਿੱਲ ਗਿਆ ਹੈ।ਟੀ ਡੀ ਐਸ ਬੀ ਦੀ ਫਾਇਨਾਂਸ ਕਮੇਟੀ ਨੇ ਅਕਤੂਬਰ ਦੇ ਮੱਧ ਵਿੱਚ ਦੱਸਿਆ ਸੀ ਕਿ ਇਸ ਸਕੂਲ ਵਰ੍ਹੇ ਪ੍ਰੋਵਿੰਸ਼ੀਅਲ ਫੰਡਿੰਗ ਦੇ ਰੂਪ ਵਿੱਚ 42 ਮਿਲੀਅਨ ਡਾਲਰ ਦਾ ਘਾਟਾ ਪਵੇਗਾ।

ਪਰ ਇਸ ਦੇ ਬਾਵਜੂਦ ਬੋਰਡ ਦਾ ਕਹਿਣਾ ਹੈ ਕਿ ਕਈ ਕਾਰਨਾਂ ਕਰਕੇ ਪ੍ਰਸ਼ਾਸਕਾਂ ਨੂੰ ਇਸ ਤਰ੍ਹਾਂ ਸਨਮਾਨਿਤ ਕੀਤਾ ਜਾਣਾ ਬਣਦਾ ਹੈ। ਇਸ ਦੌਰਾਨ ਟੀ ਡੀ ਐਸ ਬੀ ਨੇ ਆਖਿਆ ਕਿ ਸਟਾਫ ਦੀ ਘਾਟ ਕਾਰਨ ਕੁੱਝ ਸਕੂਲਾਂ ਵੱਲੋਂ ਵਾਧੂ ਅਧਿਆਪਕ ਵੀ ਹਾਇਰ ਕੀਤੇ ਜਾਣਗੇ।



# ਚੋਣਾਂ ਤੋਂ ਪਹਿਲਾਂ ਟਰੰਪ ਦੀ ਪਾਰਟੀ ਵਿੱਚ ਹਿੱਸਾ ਲੈਣਗੇ 400 ਲੋਕ



ਵਾਸ਼ਿੰਗਟਨ, 2 ਨਵੰਬਰ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਮੰਗਲਵਾਰ ਨੂੰ ਪਾਰਟੀ ਕੀਤੀ ਜਾ ਰਹੀ ਹੈ। ਇਹ ਪਾਰਟੀ ਵਾਈਟ ਹਾਊਸ ਦੇ ਈਸਟ ਰੂਮ ਵਿੱਚ ਹੋਵੇਗੀ। ਇਹ ਜਾਣਕਾਰੀ ਵਾਈਟ ਹਾਊਸ ਦੇ ਅਧਿਕਾਰੀਆਂ ਨੇ ਦਿੱਤੀ। 400 ਤੋਂ ਵੱਧ ਲੋਕਾਂ ਦੇ ਇਸ ਪਾਰਟੀ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ।ਪਾਰਟੀ ਵਿੱਚ ਹਿੱਸਾ ਲੈਣ ਵਾਲਿਆਂ ਦਾ ਕੋਵਿਡ-19 ਟੈਸਟ ਕਰਵਾਇਆ ਜਾਵੇਗਾ। ਇਹ ਪਾਰਟੀ ਵਾਸ਼ਿੰਗਟਨ ਸਥਿਤ ਟਰੰਪ ਇੰਟਰਨੈਸ਼ਨਲ ਹੋਟਲ ਲਈ ਪਲੈਨ ਕੀਤੀ ਗਈ ਸੀ। ਪਰ ਪ੍ਰਾਪਤ ਜਾਣਕਾਰੀ ਅਨੁਸਾਰ ਟਰੰਪ ਨੇ ਉੱਥੇ ਪਾਰਟੀ ਕਰਨ ਤੋਂ ਇਨਕਾਰ ਕਰ ਦਿੱਤਾ।

ਕਰੋਨਾਇਰਸ ਮਹਾਂਮਾਰੀ ਦੌਰਾਨ ਵੱਡੇ ਇੱਕਠ ਨਾ ਕਰਨ ਦੀਆਂ ਚੇਤਾਵਨੀਆਂ ਦੇ ਬਾਵਜੂਦ ਟਰੰਪ ਵੱਲੋਂ ਆਊਟਡੋਰ ਕੈਂਪੇਨ ਰੈਲੀਜ਼ ਤੇ ਵਾਈਟ ਹਾਊਸ ਈਵੈਂਟਸ ਦੌਰਾਨ ਇੱਕਠ ਕੀਤੇ ਜਾਂਦੇ ਰਹੇ ਹਨ। 26 ਸਤੰਬਰ ਨੂੰ ਸੁਪਰੀਮ ਕੋਰਟ ਜਸਟਿਸ ਐਮੀ ਕੋਨੇ ਲਈ ਵਾਈਟ ਹਾਊਸ ਵਿੱਚ ਕਰਵਾਏ ਗਏ ਈਵੈਂਟ ਤੋਂ ਬਾਅਦ ਵੱਡੀ ਗਿਣਤੀ ਲੋਕ ਪਾਜ਼ੀਟਿਵ ਆਏ ਸਨ। ਓਪੀਨੀਅਨ ਪੋਲਜ ਤੋਂ ਸਾਹਮਣੇ ਆਇਆ ਹੈ ਕਿ ਡੈਮੋਕ੍ਰੈਟਿਕ ਉਮੀਦਵਾਰ ਜੋਅ ਬਾਇਡਨ ਨਾਲੋਂ ਟਰੰਪ ਪਿੱਛੇ ਚੱਲ ਰਹੇ ਹਨ।

# ਸਕਾਰਬੌਰੋ ਤੋਂ ਲਾਪਤਾ ਦੋ 13 ਸਾਲਾ ਬੱਚੀਆਂ ਦੀ ਭਾਲ ਕਰ ਰਹੀ ਹੈ ਪੁਲਿਸ



ਟੋਰਾਂਟੋ, 2 ਨਵੰਬਰ (ਪੋਸਟ ਬਿਊਰੋ) : ਸੋਮਵਾਰ ਸਵੇਰੇ ਸਕਾਰਬੌਰੋ ਤੋਂ ਲਾਪਤਾ ਹੋਈਆਂ ਦੋ 13 ਸਾਲਾ ਬੱਚੀਆਂ ਦੀ ਸੇਫਟੀ ਨੂੰ ਲੈ ਕੇ ਟੋਰਾਂਟੋ ਪੁਲਿਸ ਚਿੰਤਤ ਹੈ।

ਪੁਲਿਸ ਨੇ ਆਖਿਆ ਕਿ ਇਨ੍ਹਾਂ ਬੱਚੀਆਂ ਨੂੰ ਆਖਰੀ ਵਾਰੀ ਇੱਕਠਿਆਂ ਬੈਨੈਂਟ ਰੋਡ ਤੇ ਲਾਰੈਂਸ ਐਵਨਿਊ ਈਸਟ ਇਲਾਕੇ ਵਿੱਚ ਸਵੇਰੇ 10:00 ਵਜੇ ਵੇਖਿਆ ਗਿਆ।ਪੁਲਿਸ ਵੱਲੋਂ ਇਨ੍ਹਾਂ ਦੋਵਾਂ ਬੱਚੀਆਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ ਹਨ।ਐਮਾ ਫੈਰੀਐਰਾ ਦਾ ਕੱਦ ਪੰਜ ਫੁੱਟ ਸੱਤ ਇੰਚ, ਦਰਮਿਆਨੀ ਕੱਦ ਕਾਠੀ, 120 ਪਾਊਂਡ ਭਾਰ, ਗੂੜ੍ਹੇ ਭੂਰੇ ਲੰਮੇਂ ਵਾਲ ਤੇ ਅੱਖਾਂ ਦਾ ਰੰਗ ਹੇਜ਼ਲ ਹੈ। ਉਸ ਨੂੰ ਆਖਰੀ ਵਾਰੀ ਬੈਂਚ ਦੀ ਜੈਕੇਟ, ਗ੍ਰੇਅ ਹੁਡੀ , ਕਾਲੀ ਜੀਨਜ਼ ਤੇ ਕਾਲਾ ਟੋਕ ਪਾਇਆਂ ਵੇਖਿਆ ਗਿਆ।ਇਹ ਵੀ ਮੰਨਿਆ ਜਾ ਰਿਹਾ ਹੈ ਕਿ ਉਸ ਕੋਲ ਗ੍ਰੇਅ ਰੰਗ ਦਾ ਬੈਕਪੈਕ ਵੀ ਹੈ। ਲਿਲੀ ਅਰਨਰ ਪੰਜ ਫੁੱਟ ਇੱਕ ਇੰਚ ਲੰਮੀ, 100 ਪਾਊਂਡ ਭਾਰ ਵਾਲੀ, ਪਤਲੀ ਕੱਦਕਾਠੀ, ਹਲਕੇ ਭੂਰੇ ਜਾਂ ਬਲੌਂਡ ਮੋਢਿਆਂ ਤੱਕ ਕੱਟੇ ਵਾਲਾਂ ਵਾਲੀ ਬੱਚੀ ਹੈ ਜਿਸ ਦੀਆਂ ਅੱਖਾਂ ਦਾ ਰੰਗ ਹਰਾ ਹੈ। ਉਸ ਨੂੰ ਆਖਰੀ ਵਾਰੀ ਰੋਜ਼ ਗੋਲਡ ਪਫੀ ਜੈਕੇਟ, ਕਾਲੀ ਸ਼ਰਟ, ਕਾਲੀ ਪੈਂਟ ਪਾਇਆਂ ਤੇ ਕਾਲੇ ਬੈਕ ਪੈਕ ਨਾਲ ਵੇਖਿਆ ਗਿਆ।

# ਏਮਸ ਦੇ ਮੁੱਖ ਜਾਂਚ ਡਾਕਟਰ ਬੋਲੇ: ਕੋਰੋਨਾ ਦਾ ਕੋ-ਵੈਕਸੀਨ ਟੀਕਾ ਫਰਵਰੀ-ਮਾਰਚ ਤੱਕ ਆ ਸਕਦੈ

ਨਵੀਂ ਦਿੱਲੀ, 2 ਨਵੰਬਰ (ਪੋਸਟ ਬਿਊਰੋ)- ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਸ) ਦਿੱਲੀ ਦੇ ਕਮਿਊਨਿਟੀ ਮੈਡੀਸਨ ਵਿਭਾਗ ਦੇ ਮੁਖੀ ਅਤੇ ਕੋਰੋਨਾ ਵਾਇਰਸ ਰੋਕੂ ਟੀਕੇ ਦੇ ਪਰੀਖਣ ਦੇ ਮੁੱਖ ਜਾਂਚ ਡਾਕਟਰ ਸੰਜੇ ਰਾਏ ਨੇ ਕਿਹਾ ਹੈ ਕਿ ਤੀਜੇ ਪੜਾਅ ਦਾ ਪਰੀਖਣ ਜਲਦੀ ਹੀ ਸ਼ੁਰੂ ਹੋਣ ਦੀ ਸੰਭਾਵਨਾ ਹੈ। ਡਾ: ਸੰਜੇ ਰਾਏ ਨੇ ਕੱਲ੍ਹ ਕਿਹਾ ਕਿ ਜੇ ਸਭ ਕੁਝ ਠੀਕ ਰਿਹਾ ਤਾਂ 2021 ਦੇ ਫਰਵਰੀ-ਮਾਰਚ ਤੱਕ ਕੋਵਿਡ-19 ਦਾ ਟੀਕਾ ਆ ਸਕਦਾ ਹੈ।

# ਨਿਊਜ਼ੀਲੈਂਡ ਵਿੱਚ ਮੰਤਰੀ ਬਣਨ ਵਾਲੀ ਪ੍ਰਿਅੰਕਾ ਭਾਰਤੀ ਮੂਲ ਦੀ ਪਹਿਲੀ ਆਗੂ ਬਣੀ



ਆਕਲੈਂਡ, 2 ਨਵੰਬਰ, (ਪੋਸਟ ਬਿਊਰੋ)- ਪ੍ਰਿਅੰਕਾ ਰਾਧਾਕ੍ਰਿਸ਼ਨਨ ਨਿਊਜ਼ੀਲੈਂਡ ਵਿਚ ਮੰਤਰੀ ਅਹੁਦੇ ਉੱਤੇਪੁੱਜਣ ਵਾਲੀ ਭਾਰਤੀ ਮੂਲ ਦੀ ਪਹਿਲੀ ਆਗੂ ਬਣ ਗਈ ਹੈ। ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੇ ਅੱਜ ਸੋਮਵਾਰ ਨੂੰ ਆਪਣੀ ਕੈਬਨਿਟ ਵਿਚ ਜਿਹੜੇ ਪੰਜ ਨਵੇਂ ਮੰਤਰੀਆਂ ਨੂੰ ਸ਼ਾਮਲ ਕੀਤਾ, ਉਨ੍ਹਾਂ ਵਿਚ ਪ੍ਰਿਅੰਕਾ ਵੀ ਸ਼ਾਮਲ ਹੈ।

ਭਾਰਤ ਦੇ ਕੇਰਲ ਰਾਜ ਵਿਚ ਪੈਦਾ ਹੋਈ ਪ੍ਰਿਅੰਕਾ (41) ਨੇ ਸਕੂਲ ਤੱਕ ਸਿੰਗਾਪੁਰ ਵਿਚ ਪੜ੍ਹਾਈ ਕੀਤੀ ਤੇ ਅੱਗੇ ਦੀ ਪੜ੍ਹਾਈ ਲਈ ਨਿਊਜ਼ੀਲੈਂਡ ਗਈ ਸੀ। ਉਸ ਦੇ ਪਿਤਾ ਦਾ ਨਾਮ ਰਮਣ ਰਾਧਾਕ੍ਰਿਸ਼ਨਨ ਅਤੇ ਮਾਂ ਉਸ਼ਾ ਉਸ ਦੇ ਬਚਪਨ ਵਿਚ ਹੀ ਸਿੰਗਾਪੁਰ ਚਲੇ ਗਏ ਤੇ ਅਗਲੀ ਪੜ੍ਹਾਈ ਲਈ ਨਿਊਜ਼ੀਲੈਂਡ ਜਾਣ ਦੇ ਬਾਅਦ ਪ੍ਰਿਅੰਕਾ ਨੇ ਓਥੇ ਇਕ ਆਈ ਟੀ ਪ੍ਰੋਫੈਸ਼ਨਲ ਰਿਚਰਡਸਨ ਨਾਲ ਵਿਆਹ ਕਰ ਲਿਆ। ਉਹ ਆਪਣੇ ਪਤੀ ਨਾਲ ਆਕਲੈਂਡ ਵਿਚ ਰਹਿੰਦੀ ਹੈ ਅਤੇ ਲਗਾਤਾਰ ਘਰੇਲੂ ਹਿੰਸਾ ਦੀਆਂ ਪੀੜਤ ਬੀਬੀਆਂ ਤੇ ਸ਼ੋਸ਼ਣ ਦਾ ਸ਼ਿਕਾਰ ਹੋਏ ਪ੍ਰਵਾਸੀ ਮਜ਼ਦੂਰਾਂ ਵਰਗੇ ਲੋਕਾਂ ਦੇ ਲਈ ਆਵਾਜ਼ ਉਠਾ ਰਹੀ ਸੀ, ਜਿਨ੍ਹਾਂ ਦੀ ਆਵਾਜ਼ ਅਣਸੁਣੀ ਕਰ ਦਿੱਤੀ ਜਾਂਦੀ ਸੀ। ਲੇਬਰ ਪਾਰਟੀ ਵੱਲੋਂ ਪਹਿਲੀ ਵਾਰ ਸਤੰਬਰ 2017 ਨੂੰ ਉਹ ਪਾਰਲੀਮੈਂਟ ਦੀ ਮੈਂਬਰ ਚੁਣੀ ਗਈ ਸੀ। ਇਸ ਪਿੱਛੋਂ 2019 ਵਿਚ ਉਸ ਨੂੰ ਨਸਲੀ ਭਾਈਚਾਰਿਆਂ ਲਈ ਪਾਰਲੀਮੈਂਟ ਵਿੱਚ ਪਰਸੋਨਲ ਸੈਕਟਰੀ ਬਣਾਇਆ ਗਿਆ ਸੀ।ਇਸ ਦੇ ਇਲਾਵਾ ਉਹ ਭਾਈਚਾਰਕ ਅਤੇ ਸੈਵ-ਸੇਵਾਦੇ ਖੇਤਰ ਅਤੇ ਸਮਾਜਿਕ ਵਿਕਾਸ ਤੇ ਰੋਜ਼ਗਾਰ ਮੰਤਰਾਲੇ ਦੀ ਵੀ ਮੰਤਰੀ ਬਣੀ ਹੈ।

'ਨਿਊਜ਼ੀਲੈਂਡ ਹੈਰਾਲਡ' ਅਖ਼ਬਾਰ ਨੇ 'ਇੰਡੀਅਨ ਵੀਕੈਂਡਰ' ਦੇ ਹਵਾਲੇ ਨਾਲ ਇਹ ਖਬਰ ਦਿੱਤੀ ਹੈ ਕਿ ਪ੍ਰਿਅੰਕਾ ਭਾਰਤੀ-ਨਿਊਜ਼ੀਲੈਂਡ ਮੂਲ ਦੀ ਪਹਿਲੀ ਮੰਤਰੀ ਹੈ। ਪ੍ਰਧਾਨ ਮੰਤਰੀ ਅਰਡਰਨ ਨੇ ਨਵੇਂ ਮੰਤਰੀਆਂ ਦਾ ਐਲਾਨ ਕਰਦਿਆਂ ਕਿਹਾ, 'ਮੈਂ ਕੁਝ ਨਵੀਆਂ ਪ੍ਰਤਿਭਾਵਾਂ, ਜ਼ਮੀਨੀ ਪੱਧਰ ਦਾ ਅਨੁਭਵ ਰੱਖਦੇ ਲੋਕਾਂ ਨੂੰ ਸ਼ਾਮਲ ਕਰ ਕੇ ਉਤਸ਼ਾਹਿਤ ਹਾਂ।'

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ

ਉੱਠਦਾ ਪੰਜਾਬ ਦਾ ਨਹੀਂ ਕਿਰਸਾਨ ਹਾਲੇ,
ਬਹਿ ਗਏ ਗੁੱਜਰ ਵੀ ਰੇਲ ਨੂੰ ਮੱਲ ਬੇਲੀ।
ਪੁਰਾਣੀ ਮੰਗ ਫਿਰ ਚੁੱਕੀ ਤੇ ਆਣ ਨਿਕਲੇ,
ਆਖਿਆ ਕਰਨੀ ਆ ਸਿਰੇ ਦੀ ਗੱਲ ਬੇਲੀ।
ਪੰਜਾਬ ਵੱਲ ਨਾ ਕੇਂਦਰ ਸਰਕਾਰ ਵੇਂਹਦੀ,
ਮਸਲਾ ਅਜੇ ਉਹ ਕਰੇ ਨਹੀਂ ਹੱਲ ਬੇਲੀ।
ਰਾਜਸਥਾਨ ਵਿੱਚ ਫਸਦੀ ਸਰਕਾਰ ਜਾਪੇ,
ਕਾਂਗਰਸ ਵਿਰੁੱਧ ਨੇ ਖੜਕਦੇ ਟੱਲ ਬੇਲੀ।
ਪੁਆੜਾਰਹੇ ਨਹੀਂ ਲੋਕਾਂ ਦੇ ਮਸਲਿਆਂ ਦਾ,
ਛਿੜਿਆ ਲੱਗਦਾ ਸਿਆਸਤ ਦਾ ਭੇੜ ਬੇਲੀ।
ਟਿਕ ਕੇ ਬਹਿਣਾ ਨਾ ਦੂਜੇ ਨੂੰ ਬਹਿਣ ਦੇਣਾ,
ਚੱਲਦਾ ਇਨ੍ਹਾਂ ਵਿੱਚ ਰਹਿੰਦੜਾ ਗੇੜ ਬੇਲੀ।

ਤੀਸ ਮਾਰ ਖਾਂ

# ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਵਿਰੁੱਧ ਰਾਜਸਥਾਨ ਦੀ ਕਾਂਗਰਸ ਸਰਕਾਰ ਨੇ ਵੀ ਤਿੰਨ ਬਿੱਲ ਪਾਸ ਕਰਾਏ

ਜੈਪੁਰ, 2 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਦੇ ਮੁਕਾਬਲੇ ਵਾਸਤੇਅੱਜ ਰਾਜਸਥਾਨ ਵਿੱਚ ਕਾਂਗਰਸ ਦੀ ਅਸ਼ੋਕ ਗਹਿਲੋਤ ਸਰਕਾਰ ਨੇ ਵਿਧਾਨ ਸਭਾ ਵਿੱਚ ਕੁਲ ਤਿੰਨ ਸੋਧ ਬਿੱਲ ਪਾਸ ਕੀਤੇ ਹਨ, ਜਿਹੜੇ ਗਵਰਨਰ ਕਲਰਾਜ ਮਿਸ਼ਰਾ ਨੂੰ ਮਨਜ਼ੂਰੀ ਦੇਣਲਈ ਭੇਜੇ ਜਾਣਗੇ। ਇਸ ਤੋਂ ਪਹਿਲਾਂ ਕਾਂਗਰਸ ਦੀ ਪੰਜਾਬ ਸਰਕਾਰ ਦੇ ਮੁਖੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕੇਂਦਰੀ ਖੇਤੀਬਾੜੀ ਕਾਨੂੰਨਾਂ ਨੂੰ ਬਾਈਪਾਸ ਕਰਨ ਦੇ ਲਈ ਤਿੰਨ ਸੋਧ ਬਿੱਲ ਪੰਜਾਬ ਵਿਧਾਨ ਸਭਾ ਤੋਂ ਏਦਾਂ ਹੀ ਪਾਸ ਕਰਵਾਏ ਸਨ।

ਰਾਜਸਥਾਨ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਤਿੰਨ ਸੋਧੇ ਹੋਏ ਬਿੱਲਾਂ ਬਾਰੇ ਅਸ਼ੋਕ ਗਹਿਲੋਤ ਸਰਕਾਰ ਨੇ ਕਿਹਾ ਹੈ ਕਿ ਇਸ ਨਾਲ ਕਿਸਾਨਾਂ ਨੂੰ ਰਾਹਤ ਮਿਲੇਗੀ। ਕਰੀਬ 6 ਘੰਟੇ ਲੰਮੀ ਬਹਿਸ ਪਿੱਛੋਂ ਰਾਜਸਥਾਨ ਵਿਧਾਨ ਸਭਾ ਕੋਲੋਂ ਪਾਸ ਕਰਵਾਏ ਤਿੰਨਾਂ ਸੋਧ ਬਿੱਲਾਂਦਾ ਦਿਲਚਸਪ ਪੱਖ ਹੈ ਕਿ ਇਨ੍ਹਾਂ ਤਿੰਨਾਂ ਬਿੱਲਾਂ ਵਿੱਚ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਮਿਲੀ ਰਿਪੋਰਟ ਮੁਤਾਬਕ ਕਾਂਗਰਸ ਨੇ ਐੱਮ ਐੱਸ ਪੀ ਨੂੰ ਕੇਂਦਰੀ ਖੇਤੀ ਕਾਨੂੰਨ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਸੀ, ਪਰ ਪੰਜਾਬ ਅਤੇ ਰਾਜਸਥਾਨ ਦੇ ਬਿੱਲਾਂ ਵਿੱਚ ਇਸ ਦਾ ਜ਼ਿਕਰ ਨਹੀਂ ਹੈ, ਸਿਰਫ ਐਗਰੀਮੈਂਟ ਦੀ ਖੇਤੀ ਵਿੱਚਐੱਮ ਐੱਸ ਪੀ ਦਾ ਪ੍ਰਬੰਧ ਕੀਤਾ ਗਿਆ ਹੈ। ਆਮ ਕਿਸਾਨ ਵੱਲੋਂ ਮੰਡੀ ਵਿੱਚ ਜਾਂ ਹੋਰ ਕਿਸੇ ਵੀ ਜਗ੍ਹਾ ਫਸਲ ਵੇਚਣ ਉੱਤੇਐੱਮ ਐੱਸ ਪੀਦਾ ਪ੍ਰਬੰਧ ਨਹੀਂ ਕੀਤਾ ਗਿਆ। ਖੇਤੀ ਉਪਜ ਵਪਾਰ ਤੇ ਵਣਜ (ਤਰੱਕੀ ਤੇ ਸਰਲਤਾ) ਸੋਧ ਬਿੱਲ ਵਿੱਚਵੀ ਏਸੇ ਤਰ੍ਹਾਂ ਐੱਮ ਐੱਸ ਪੀਦਾ ਕੋਈ ਪ੍ਰਬੰਧ ਨਹੀਂ ਹੈ। ਇਨ੍ਹਾਂ ਬਿੱਲਾਂ ਵਿੱਚ ਕਿਸਾਨ ਦੇ ਨਾਲ ਜ਼ਿਆਦਤੀ ਉੱਤੇ 3 ਤੋਂ 7 ਸਾਲ ਕੈਦ ਦੀ ਸਜ਼ਾ ਅਤੇ ਪੰਜ ਲੱਖ ਰੁਪਏ ਦੇ ਜੁਰਮਾਨੇ ਦਾ ਪ੍ਰਬੰਧ ਜ਼ਰੂਰ ਹੈ।



ਓਧਰ ਕੇਂਦਰ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ, ਛੱਤੀਸਗੜ੍ਹ ਤੇ ਰਾਜਸਥਾਨ ਦੀਆਂ ਕਾਂਗਰਸ ਸਰਕਾਰਾਂ ਦੇ ਪਾਸਕੀਤੇ ਬਿੱਲਾਂ ਦਾ ਕੇਂਦਰ ਸਰਕਾਰ ਵੱਲੋਂ ਨਿਰੀਖਣ ਕਰਨ ਮਗਰੋਂ ਸਰਕਾਰ ਫੈਸਲਾ ਲਵੇਗੀ। ਉਨ੍ਹਾਂ ਨੇ ਖਬਰ ਏਜੰਸੀ ਨੂੰ ਦੱਸਿਆ ਕਿ ਕੇਂਦਰ ਸਰਕਾਰ ਉਨ੍ਹਾਂ ਖੇਤੀ ਬਿੱਲਾਂ ਦਾ ਨਿਰੀਖਣ ਕਰੇਗੀ, ਜਿਹੜੇ ਪੰਜਾਬ, ਛੱਤੀਸਗੜ੍ਹ ਤੇ ਰਾਜਸਥਾਨ ਦੀਆਂ ਸਰਕਾਰਾਂ ਨੇ ਪਾਸ ਕੀਤੇ ਹਨ। ਕੇਂਦਰੀ ਖੇਤੀਬਾੜੀ ਮੰਤਰਾਲੇ ਦੇ ਅਫਸਰ ਨੇ ਆਪਣਾ ਨਾਂ ਗੁਪਤ ਰੱਖਾਣ ਦੀ ਸ਼ਰਤ ਉੱਤੇ ਦੱਸਿਆ ਕਿ ਖੇਤੀ ਬਿੱਲਾਂ ਦਾ ਖਰੜਾ ਬਣਾਉਣ ਵਿੱਚ ਉਹ ਵੀ ਸਿੱਧੇ ਤੌਰ ਉੱਤੇ ਸ਼ਾਮਲ ਸੀ। ਉਨ੍ਹਾਂ ਕਿਹਾ, 'ਅਸੀਂ ਇਨ੍ਹਾਂ ਰਾਜਾਂ ਦੇ ਪਾਸ ਕੀਤੇ ਗਏ ਸਾਰੇ ਬਿੱਲਾਂ ਦਾ ਨਿਰੀਖਣ ਕਰਾਂਗੇ, ਇਹ ਬਿੱਲ ਰਾਸ਼ਟਰਪਤੀ ਦੀ ਸਹਿਮਤੀ ਤੋਂ ਬਾਅਦ ਹੀ ਕਾਨੂੰਨ ਬਣ ਸਕਦੇ ਹਨ।

## ਬੰਗਲਾ ਦੇਸ਼:ਅਫਵਾਹ ਉੱਤੇ ਭੜਕੇ ਕੱਟੜ ਪੰਥੀਆਂ ਵੱਲੋਂ ਹਿੰਦੂਆਂ ਦੇ ਘਰਾ ਦੀ ਭੰਨ-ਤੋੜ ਤੇ ਸਾੜ-ਫੂਕ



ਢਾਕਾ, 2 ਨਵੰਬਰ, (ਪੋਸਟ ਬਿਊਰੋ)- ਬੰਗਲਾਦੇਸ਼ ਵਿਚ ਕੱਟੜਪੰਥੀਆਂ ਦੀ ਭੀੜ ਨੇ ਫਰਾਂਸ ਦਾ ਸਮਰਥਨ ਕਰਨ ਉੱਤੇ ਕੋਮਿਲਾ ਸ਼ਹਿਰ ਵਿਚ ਹਿੰਦੂ ਭਾਈਚਾਰੇ ਦੇ ਕਈ ਲੋਕਾਂ ਦੇ ਘਰਾਂ ਵਿਚ ਭੰਨ-ਤੋੜ ਕਰਨ ਪਿੱਛੋਂ ਅੱਗ ਲਾ ਦਿੱਤੀ ਹੈ। ਇਨ੍ਹਾਂ ਦਾ ਦੋਸ਼ ਹੈਕਿ ਇਕ ਸਥਾਨਕ ਹਿੰਦੂ ਨੇ ਫੇਸਬੁੱਕ ਉੱਤੇ ਫਰਾਂਸ ਦਾ ਵਿਰੋਧ ਕਰਨ ਵਾਲੀ ਪੋਸਟ ਬਾਰੇ ਨਾਂਹ-ਪੱਖੀ ਟਿੱਪਣੀ ਕੀਤੀ ਸੀ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਚੁੱਕਾ ਹੈ। ਬੰਗਲਾਦੇਸ਼ ਵਿਚ ਫਰਾਂਸ ਦੇ ਵਿਰੋਧ ਵਿਚ ਰੋਜ਼ ਪਹਿਲਾਂ ਤੋਂਹੀ ਵੱਡੀ ਗਿਣਤੀ ਵਿਚ ਲੋਕ ਸੜਕਾਂ ਉੱਤੇਰੋਸ ਪ੍ਰਦਰਸ਼ਨ ਹੋ ਰਹੇ ਹਨ।

ਤਾਜ਼ਾ ਘਟਨਾ ਬਾਰੇ ਬੰਗਲਾਦੇਸ਼ ਦੇ ਸਥਾਨਕ ਮੀਡੀਆ ਢਾਕਾ ਟ੍ਰਿਬਿਊਨਲ ਦੇ ਮੁਤਾਬਕ ਐਤਵਾਰ ਦੁਪਹਿਰ ਵੇਲੇ ਕੋਮਿਲਾ ਦੇ ਮੁਰਾਦਨਗਰ ਸਬ ਜ਼ਿਲ੍ਹਾ ਵਿੱਚ ਕੋਰਬਨਪੁਰ ਪਿੰਡ ਵਿਚ ਇਹ ਵਾਰਦਾਤ ਹੋਈ, ਜਿਸ ਪਿੱਛੋਂ ਉਸ ਨਗਰ ਵਿਚ ਹਿੰਦੂ ਭਾਈਚਾਰੇ ਵਿਚ ਦਹਿਸ਼ਤ ਵਾਲਾ ਮਾਹੌਲ ਹੈ। ਦੰਗਾ ਕਰਨ ਵਾਲਿਆਂ ਨੇ ਸਥਾਨਕ ਯੂਨੀਅਨ ਕੌਂਸਲ ਦੇ ਪ੍ਰਧਾਨ ਬਨਕੁਮਾਰ ਸ਼ਿਵ ਦੇ ਦਫਤਰ ਅਤੇ ਕੁਮੈਂਟ ਕਰਨ ਦੇ ਦੋਸ਼ੀ ਸ਼ੰਕਰ ਦੇਵਨਾਥ ਦੇ ਘਰ ਨੂੰ ਅੱਗ ਲਾ ਦਿੱਤੀ ਹੈ। ਇਹੀ ਨਹੀਂ, ਉਨ੍ਹਾ ਨੇ ਘੱਟੋ-ਘੱਟ 10 ਹੋਰ ਹਿੰਦੂ ਪਰਿਵਾਰਾਂ ਉੱਤੇ ਹਮਲੇ ਵੀ ਕੀਤੇ ਹਨ।ਸਥਾਨਕ ਲੋਕਾਂ ਦੇ ਹਵਾਲੇ ਨਾਲ ਢਾਕਾ ਟ੍ਰਿਬਿਊਨਲ ਨੇ ਲਿਖਿਆ ਹੈ ਕਿ ਸ਼ਨੀਵਾਰ ਇਸ ਪਿੰਡ ਦੇ ਸ਼ੰਕਰ ਦੇਵਨਾਥ ਨੇ ਫਰਾਂਸ ਬਾਰੇ ਇਕ ਫੇਸਬੁੱਕ ਪੋਸਟ ਉੱਤੇ ਟਿੱਪਣੀ ਕੀਤੀ ਸੀ। ਇਸ ਪੋਸਟ ਵਿਚ ਪੈਗੰਬਰ ਮੁਹੰਮਦ ਦਾ ਕਾਰਟੂਨ ਛਾਪਣ ਉੱਤੇ ਫਰਾਂਸ ਦਾ ਵਿਰੋਧ ਕਰਨ ਦੀ ਗੱਲ ਕਹੀ ਗਈ ਸੀ। ਦੋਸ਼ ਇਹ ਲਾਇਆ ਗਿਆ ਹੈ ਕਿ ਸ਼ੰਕਰ ਦੇਵਨਾਥ ਨੇ ਆਪਣੇ ਕੁਮੈਂਟ ਵਿਚ ਫਰਾਂਸ ਦਾ ਸਮਰਥਨ ਕਰਨ ਦੇ ਨਾਲ ਪੈਗੰਬਰ ਮੁਹੰਮਦ ਦੇ ਕਾਰਟੂਨ ਦਾ ਸਮਰਥਨ ਕੀਤਾ ਸੀ, ਜਿਸ ਤੋਂ ਕੱਟੜਪੰਥੀ ਭੜਕ ਪਏ ਹਨ। ਪੁਲਸ ਨੇ ਅੱਗਜ਼ਨੀ ਦੀ ਘਟਨਾ ਬਾਰੇ ਕੇਸ ਦਰਜ ਕਰ ਲਿਆ, ਪਰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਵਿਚ ਸ਼ੰਕਰ ਦੇਵਨਾਥ ਅਤੇ ਇਕ ਹੋਰ ਦੋਸ਼ੀ ਅਨਿਕ ਭੌਮਿਕ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਦੇ ਬਾਅਦ ਕੋਮਿਲਾ ਦੇ ਐਡੀਸ਼ਨਲ ਸੁਪਰਡੈਂਟ ਪੁਲਸ (ਏ ਐੱਸ ਪੀ) ਅਜੀਮੁਲ ਅਹਿਸਨ ਨੇ ਕਿਹਾ ਕਿ ਕੋਰਬਨਪੁਰ ਪਿੰਡ ਦੇ ਲੋਕਾਂ ਦੇ ਇਕ ਗਰੁੱਪ ਨੇ ਸਥਾਨਕ ਯੂਨੀਅਨ ਕੌਂਸਲ ਦੇ ਪ੍ਰਧਾਨ ਬਨ ਕੁਮਾਰ ਸ਼ਿਵ ਤੇ ਸ਼ੰਕਰ ਦੇਵਨਾਥ ਦੇਘਰ ਉੱਤੇ ਹਮਲਾ ਕਰ ਦਿਤਾ ਅਤੇ ਕਈ ਹੋਰ ਹਿੰਦੂ ਲੋਕਾਂ ਦੇ ਘਰਾਂ ਵਿਚ ਭੰਨ-ਤੋੜ ਤੇ ਸਾੜ-ਫੂਕ ਕੀਤੀ ਹੈ।

## ਕਾਰਟੂਨ ਵਿਵਾਦ: ਫਰਾਂਸ ਨੇ ਆਈ ਐੱਸ ਆਈ ਦੇ ਸਾਬਕਾ ਮੁਖੀ ਦੀ ਭੈਣ ਸਣੇ 183 ਪਾਕਿਸਤਾਨੀਆਂ ਦੇ ਵੀਜ਼ੇ ਰੱਦ ਕੀਤੇ

### * ਪਾਕਿਸਤਾਨ ਦੇ 118 ਲੋਕ ਡਿਪੋਰਟ ਕਰ ਦਿੱਤੇ ਗਏ

ਪੈਰਿਸ, 2 ਨਵੰਬਰ, (ਪੋਸਟ ਬਿਊਰੋ)- ਪੈਗੰਬਰ ਮੁਹੰਮਦ ਦੇ ਕਾਰਟੂਨ ਵਾਲੇ ਵਿਵਾਦ ਦੇ ਰੌਲੇ ਵਿੱਚ ਫਸੇ ਹੋਏ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੀ ਅਲੋਚਨਾਹੋਣ ਪਿੱਛੋਂ ਫਰਾਂਸ ਨੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਦੇ ਸਾਬਕਾ ਮੁਖੀ ਲੈਫਟੀਨੈਂਟ ਜਨਰਲ ਅਹਿਮਦ ਸ਼ੁਜਾ ਪਾਸ਼ਾ ਦੀ ਭੈਣ ਸਮੇਤ 183 ਪਾਕਿਸਤਾਨੀ ਲੋਕਾਂ ਦਾ ਵਿਜ਼ਟਰ ਵੀਜ਼ਾ ਰੱਦ ਕਰ ਦਿੱਤਾ ਅਤੇ 118 ਪਾਕਿਸਤਾਨੀ ਲੋਕਾਂ ਨੂੰ ਜ਼ਬਰਦਸਤੀ ਡਿਪੋਰਟ ਵੀ ਕਰ ਦਿੱਤਾ ਹੈ।

ਪੈਰਿਸ ਵਿੱਚ ਪਾਕਿਸਤਾਨ ਦੇ ਵਪਾਰਕ ਕੌਂਸਲੇਟ ਨੇ ਸਥਾਨਕ ਅਧਿਕਾਰੀਆਂ ਤੋਂ ਸਾਬਕਾ ਆਈ ਐੱਸ ਆਈ ਚੀਫ ਦੀ ਭੈਣ ਨੂੰ ਫਰਾਂਸ ਵਿੱਚ ਅਸਥਾਈ ਤੌਰ ਉੱਤੇ ਰਹਿਣ ਦੀ ਆਗਿਆ ਦੇਣ ਲਈ ਮੰਗ ਕੀਤੀ ਹੈ।ਪਾਸ਼ਾ ਦੀ ਭੈਣ ਆਪਣੀ ਬੀਮਾਰ ਸੱਸ ਦੀ ਦੇਖਭਾਲ ਲਈ ਫਰਾਂਸ ਵਿੱਚ ਵਿਜ਼ਟਰ ਵੀਜ਼ੇ ਉੱਤੇ ਆਈ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਵੱਲੋਂ ਫਰਾਂਸ ਦੇ ਰਾਸ਼ਟਰਪਤੀਵਿਰੁੱਧਟਿੱਪਣੀ ਕਾਰਨ ਅਧਿਕਾਰੀਆਂ ਨੇ ਪਾਸ਼ਾ ਦੀ ਭੈਣ ਸਣੇ 183 ਪਾਕਿਸਤਾਨੀ ਲੋਕਾਂ ਦਾ ਵਿਜ਼ਟਰ ਵੀਜ਼ਾ ਰੱਦ ਕਰ ਦਿੱਤਾ ਹੈ। ਇਸ ਬਾਰੇ ਪਾਕਿਸਤਾਨ ਦੇਕੌਂਸਲੇਟ ਨੇ ਕਿਹਾ ਕਿ ਪ੍ਰਧਾਨ ਮੰਤਰੀ ਇਮਰਾਨ ਵੱਲੋਂਫਰਾਂਸ ਦੇ ਰਾਸ਼ਟਰਪਤੀ ਮੈਕਰੋਂ ਦੀ ਅਲੋਚਨਾ ਕਰਨ ਪਿੱਛੋਂ ਫਰਾਂਸ ਦੇ ਅਧਿਕਾਰੀਆਂ ਨੇ ਸਾਡੇ 183 ਨਾਗਰਿਕਾਂ ਦੇ ਵੀਜ਼ਾ ਰੱਦ ਕੀਤੇ ਹਨ, ਜਿਨ੍ਹਾਂ ਵਿੱਚਆਈ ਐੱਸ ਆਈਦੇ ਸਾਬਕਾ ਮੁਖੀ ਦੀ ਭੈਣ ਸ਼ਾਮਲ ਹੈ। ਅਸੀਂ ਸਥਾਨਕ ਅਧਿਕਾਰੀਆਂ ਨੂੰ ਪਾਸ਼ਾ ਦੀ ਭੈਣ ਨੂੰ ਹਾਲ ਦੀ ਘੜੀ ਇਥੇ ਰਹਿਣ ਦੀ ਇਜ਼ਾਜਤ ਦੇਣ ਦੀ ਅਪੀਲ ਕੀਤੀ ਹੈ।ਕੌਂਸਲੇਟ ਨੇ ਕਿਹਾ ਕਿ ਫਰਾਂਸ ਦੇ ਅਧਿਕਾਰੀਆਂ ਨੇ ਯੋਗ ਦਸਤਾਵੇਜ਼ਾਂ ਦੇ ਬਾਵਜੂਦ ਸਾਡੇ 118 ਲੋਕਾਂ ਨੂੰ ਜ਼ਬਰਦਸਤੀ ਡਿਪੋਰਟ ਕਰ ਦਿੱਤਾ ਹੈ।




ਵਰਨਣ ਯੋਗ ਹੈ ਕਿ ਪਿਛਲੇ ਮਹੀਨੇ ਇੱਕ ਸਕੂਲ ਵਿੱਚ ਪੈਗੰਬਰ ਮੁਹੰਮਦ ਦਾ ਇੱਕ ਕਾਰਟੂਨ ਦਿਖਾਇਆ ਜਾਣਤੋਂ ਬਾਅਦ ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ 18 ਸਾਲਾਨੌਜਵਾਨ ਨੇ ਇੱਕ ਸਕੂਲ ਟੀਚਰ ਦਾ ਕਤਲ ਕਰ ਦਿੱਤਾ ਸੀ। ਇਸਪਿੱਛੋਂ ਰਾਸ਼ਟਰਪਤੀ ਮੈਕਰੋਂ ਨੇ ਇਸਲਾਮਕ ਅੱਤਵਾਦਬਾਰੇ ਇੱਕ ਬਿਆਨ ਦਿੱਤਾ ਸੀ, ਜਿਸ ਮਗਰੋਂਮੁਸਲਿਮ ਦੇਸ਼ਾਂ ਵਿੱਚ ਉਸ ਦੀ ਪੂਰੀ ਦੁਨੀਆਂ ਵਿੱਚ ਆਲੋਚਨਾ ਹੋ ਰਹੀ ਹੈ।

## ਦੁਸ਼ਿਅੰਤ ਚੌਟਾਲਾ ਦਾ ਫਾਰਮੂਲਾ: ਚੰਡੀਗੜ੍ਹ ਉੱਤੇ ਪੰਜਾਬ ਹੱਕ ਛੱਡੇਗਾ ਤਾਂ ਹਰਿਆਣਾ ਵੀ ਹੱਕ ਛੱਡਣ ਨੂੰ ਤਿਆਰ

ਚੰਡੀਗੜ੍ਹ, 2 ਨਵੰਬਰ, (ਪੋਸਟ ਬਿਊਰੋ)- ਕੇਂਦਰੀ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਹਾਲੇ ਤੱਕ ਪੰਜਾਬ ਤੇ ਹਰਿਆਣਾ ਦੋਵਾਂ ਦੀ ਸਾਂਝੀ ਰਾਜਧਾਨੀ ਹੈ ਤੇ ਹਰਿਆਣਾ ਵੱਖਰੀ ਰਾਜਧਾਨੀ ਦੀ ਮੰਗ ਕਰਦਾ ਰਿਹਾ ਹੈ। ਇਸ ਦੌਰਾਨ ਸੋਮਵਾਰ ਨੂੰ ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਚੰਡੀਗੜ੍ਹ ਬਾਰੇ ਪੰਜਾਬ ਅੱਗੇ ਇੱਕ ਆਫਰ ਰੱਖ ਦਿੱਤਾ ਹੈ।

ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਚੌਟਾਲਾ ਨੇ ਕਿਹਾ ਹੈ ਕਿ ਜੇ ਪੰਜਾਬ ਚੰਡੀਗੜ੍ਹ ਤੇ ਹਾਈਕੋਰਟ ਉੱਤੇ ਆਪਣਾ ਹੱਕ ਛੱਡ ਦੇਵੇ ਤਾਂ ਹਰਿਆਣਾ ਵੀ ਇਸ ਦੀ ਵਿਚਾਰ ਕਰ ਸਕਦਾ ਹੈ, ਪਰ ਜੇ ਇਕੱਲਾ ਹਰਿਆਣਾ ਇਸ ਸ਼ਹਿਰ ਉੱਤੇ ਹੱਕ ਛੱਡਦਾ ਹੈ ਤਾਂ ਇਸ ਦਾ ਕੋਈ ਫਾਇਦਾ ਨਹੀਂ। ਉਨ੍ਹਾਂ ਕਿਹਾ ਦੋਵਾਂ ਹੀ ਰਾਜਾਂ ਨੂੰ ਆਪਣੀ ਵੱਖੋ-ਵੱਖਰੀ ਰਾਜਧਾਨੀ ਬਣਾਉਣੀ ਚਾਹੀਦੀ ਹੈ ਤੇ ਚੰਡੀਗੜ੍ਹ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਬਣੇ ਰਹਿਣ ਦੇਣਾ ਚਾਹੀਦਾ ਹੈ। ਡਿਪਟੀ ਮੁੱਖ ਮੰਤਰੀ ਹਰਿਆਣਾ ਦੇ ਰੋਹਤਕ ਜ਼ਿਲੇ ਵਿਚਲੇ ਰਾਜੀਵ ਗਾਂਧੀ ਸਟੇਡੀਅਮ ਵਿੱਚ ਇੱਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਪਹੁੰਚੇ ਸਨ, ਜਿੱਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਇਹ ਗੱਲ ਕਹੀ ਹੈ।



## ਕੈਪਟਨ ਅਮਰਿੰਦਰ ਅਤੇ ਅਡਵਾਨੀ ਨੂੰ ਖਾਲਿਸਤਾਨੀ ਸੰਗਠਨ ਵੱਲੋਂ ਜਾਨ ਤੋਂ ਮਾਰਨ ਦੀ ਧਮਕੀ

ਚੰਡੀਗੜ੍ਹ, 2 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਤੋਂ ਚਲਾਏ ਜਾਂਦੇ ਇੱਕ ਸੰਗਠਨ 'ਸਿੱਖਸ ਫਾਰ ਜਸਟਿਸ' ਨੇ ਇੱਕ ਪੋਸਟਰ ਜਾਰੀ ਕੀਤਾ ਹੈ, ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸੀਨੀਅਰ ਭਾਜਪਾ ਆਗੂ ਲਾਲ ਕ੍ਰਿਸਨ ਅਡਵਾਨੀ ਨੂੰ ਜਾਨੋਂ ਮਾਰਨ ਵਾਲੇ ਨੂੰ ਕਰੋੜ ਰੁਪਏ ਦੇਣ ਦਾ ਐਲਾਨ ਕੀਤਾਗਿਆ ਹੈ।

ਮਿਲੀ ਸੂਚਨਾ ਅਨੁਸਾਰ ਵੱਖਵਾਦੀ ਸੋਚ ਵਾਲੇ ਸੰਗਠਨ 'ਸਿਖਸ ਫਾਰ ਜਸਟਿਸ' ਨੇ ਇੱਕ ਨਵੰਬਰ ਨੂੰ ਇੱਕ ਹੋਰ ਵਿਵਾਦ ਵਾਲਾ ਪੋਸਟਰ ਜਾਰੀ ਕਰ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਭਾਰਤ ਦੇ ਸਾਬਕਾ ਡਿਪਟੀਪ੍ਰਧਾਨ ਮੰਤਰੀ ਤੇ ਬਜ਼ੁਰਗਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦੀ ਮੌਤ ਦਾ ਫਤਵ ਜਾਰੀ ਕੀਤਾ ਹੈ। ਇਸ ਬਾਰੇ ਭਾਰਤ ਦੀਆਂ ਸੁਰੱਖਿਆ ਅਤੇ ਖੁਫੀਆ ਏਜੰਸੀਆਂ ਸੁਚੇਤ ਹਨ ਅਤੇ ਗੰਭੀਰਤਾ ਨਾਲ ਇਸ ਮੁੱਦੇ ਨੂੰ ਵੇਖ ਰਹੀਆਂ ਹਨ। ਵਰਣਣ ਯੋਗ ਹੈ ਕਿ 31 ਅਕਤੂਬਰ 1984 ਨੂੰ ਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲਹੋਣ ਮਗਰੋਂ 2 ਨਵੰਬਰ ਤੱਕ ਰਾਜਧਾਨੀ ਦਿੱਲੀ ਵਿੱਚ ਤਿੰਨ ਦਿਨ ਕਤਲੇਆਮ ਹੁੰਦਾ ਰਿਹਾ ਸੀ, ਜਿਸ ਵਿੱਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਇਸੇ ਕਤਲੇਆਮ ਦੇ ਨਾਮ ਉੱਤੇ ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂੰ ਪੰਜਾਬ, ਦਿੱਲੀ ਅਤੇ ਵਿਦੇਸ਼ ਵਿੱਚੋਂ ਭਾਰਤ ਵਿਰੋਧੀ ਗਤੀਵਿਧੀਆਂ ਚਲਾ ਰਿਹਾ ਹੈ ਅਤੇ ਹਰ ਸਾਲ ਸਿੱਖ ਕਤਲੇਆਮ ਦੀ ਵਰ੍ਹੇਗੰਢ ਮੌਕੇ ਏਦਾਂ ਧਮਕੀਆਂ ਦੇਂਦਾ ਰਹਿੰਦਾ ਹੈ, ਪਰ ਪਿਛਲੇ ਕੁਝ ਦਿਨਾਂ ਤੋਂ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿੱਚੋਂ ਉਹ ਭਾਰਤੀਆਗੂਆਂ ਦੇ ਖਿਲਾਫ ਹਮਲੇ ਲਈ ਇਨਾਮ ਦੇ ਐਲਾਨ ਵੀ ਕਰਨ ਲੱਗ ਪਿਆ ਹੈ। ਇਸ ਲੜੀ ਵਿੱਚ ਉਸ ਨੇ ਇਸ ਵਾਰ ਇਨ੍ਹਾਂ ਦੋ ਆਗੂਆਂ ਨੂੰ ਕਤਲ ਕਰਨ ਵਾਲੇ ਵਿਅਕਤੀ ਨੂੰ ਇਨਾਮ ਦੀ ਰਾਸ਼ੀ ਦਾ ਐਲਾਨ ਵੀ ਕਰ ਦਿੱਤੀ ਹੈ।

ਇਹ ਹੀ ਨਹੀਂ, ਸਿੱਖਸ ਫਾਰ ਜਸਟਿਸ ਨੇ ਪੰਜਾਬ ਵਿੱਚ ਕਿਸਾਨ ਸੰਘਰਸ਼ ਵਾਲੇ ਮਾਹੌਲ ਨੂੰ ਵੇਖ ਕੇ ਖਾਲਿਸਤਾਨ ਪੱਖੀ ਝੰਡੇ ਝੁਲਾਉਣ ਲਈ ਵੀ ਕਈ ਨੌਜਵਾਨਾਂ ਨੂੰ ਉਕਸਾਇਆ ਹੈ ਤੇ ਕੁਝ ਇਲਾਕਿਆਂ ਵਿਚ ਸਰਕਾਰੀ ਇਮਾਰਤਾਂ ਉੱਤੇ ਖਾਲਿਸਤਾਨ ਪੱਖੀ ਨਆਰੇ ਵੀ ਲਿਖੇ ਗਏ ਹਨ। ਇਸ ਬਾਰੇ ਦਿੱਲੀ ਵਿੱਚੋਂ ਇੰਡੀਅਨ ਵਰਲਡ ਫੋਰਮ ਦੇ ਸੈਕਟਰੀ ਜਨਰਲ ਪੁਨੀਤ ਸਿੰਘ ਚੰਦੋਕ ਨੇ ਕਿਹਾ ਹੈ ਕਿ ਗੁਰਪਤਵੰਤ ਸਿੰਘ ਪੰਨੂੰ ਨੇਦਿੱਲੀ ਦੇ ਸਿੱਖ ਦੰਗਾ ਪੀੜਤਾਂ ਵਿਚੋਂ ਕਦੇ ਵੀ ਕਿਸੇ ਦੀ ਕੋਈ ਕਾਨੂੰਨੀ ਜਾਂ ਹੋਰ ਮਦਦ ਨਹੀਂ ਕੀਤੀ, ਉਹ ਸਿਰਫ ਭੜਕਾਉਣ ਦੀ ਕੋਸ਼ਿਸ਼ ਕਰਦਾ ਹੈ।

Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

Mississauga $749,000
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

Vaughan $499,000
3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

Kitchener $599,000
Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

Brampton $699,000
39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

MISSISSAUGA $299,000
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

Mississauga $749,000
7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

Blandford $349,000
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

Oshawa $659,000
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

Brampton $1,900,000
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

Brampton $749,000
Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

Barrie $769,000
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

Oshawa $659,000
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $789,000
124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

Toronto $959,500
Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

New Tecumseth $978,888
King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

Mississauga $715,000
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਟੀ.ਪੀ.ਏ.ਆਰ. ਕਲੱਬ ਨੇ 'ਸਕੋਸ਼ੀਆਬੈਂਕ ਵਾਟਰਫ਼ਰੰਟ ਵਰਚੂਅਲ ਮੈਰਾਥਨ 2020' ਪੂਰੀ ਕੀਤੀ

## ਕਲੱਬ ਦੇ 30 ਮੈਂਬਰਾਂ ਨੇ 21 ਕਿਲੋਮੀਟਰ ਅਤੇ 10 ਕਿਲੋਮੀਟਰ ਦੌੜ ਕੇ ਇਸ ਇਤਿਹਾਸਕ ਮੈਰਾਥਨ ਦੇ ਆਖ਼ਰੀ ਪੜਾਅ ਨੂੰ ਦਿੱਤਾ ਸਰਅੰਜਾਮ



77 ਸਾਲਾ ਸੀਨੀਅਰ ਮੈਂਬਰ ਈਸ਼ਰ ਸਿੰਘ ਵਰਚੂਅਲ ਰੂਪ ਵਿਚ ਸ਼ਾਮਲ ਹੋਏ








ਕੈਲਾਡਨ, (ਡਾ. ਝੰਡ) -ਲੰਘੇ ਐਤਵਾਰ 25 ਅਕਤੂਬਰ ਨੂੰ ਟੀ.ਪੀ.ਏ.ਆਰ. ਕਲੱਬ ਦੇ 30 ਮੈਂਬਰਾਂ ਨੇ ਕੈਲਾਡਨ ਟਰੇਲ ਵਿਖੇ 21 ਕਿਲੋਮੀਟਰ ਅਤੇ 10 ਕਿਲੋਮੀਟਰ ਦੋ ਗਰੁੱਪਾਂ ਵਿਚ ਦੌੜ ਕੇ ਅਤੇ ਤੇਜ਼ ਪੈਦਲ ਚੱਲ ਕੇ ਸਕੋਸ਼ੀਆਬੈਂਕ ਵਾਟਰਫ਼ਰੰਟ ਵਰਚੂਅਲ ਮੈਰਾਥਨ 2020 ਦੇ ਆਖ਼ਰੀ ਪੜਾਅ ਨੂੰ ਸਫ਼ਲਤਾ ਪੂਰਵਕ ਸਰ ਕੀਤਾ। ਨਿਰਧਾਰਤ ਪ੍ਰੋਗਰਾਮ ਅਨੁਸਾਰ ਕਲੱਬ ਦੇ ਮੈਂਬਰ ਸਵੇਰੇ 8.30 ਵਜੇ ਕੈਲਾਡਨ ਸਿਵਿਕ ਹਾਲ ਦੇ ਸਾਹਮਣੇ ਖੁੱਲ੍ਹੀ ਪਾਰਕਿੰਗ ਵਿਚ ਇਕੱਠੇ ਹੋਏ ਅਤੇ ਪ੍ਰਬੰਧਕਾਂ ਵੱਲੋਂ ਆਪਣੇ ਨਾਲ ਲਿਆਂਦੀ ਹੋਈ ਚਾਹ ਦੇ ਨਾਲ ਖੋਏ ਤੇ ਅਲਸੀ ਦੀਆਂ ਪਿੰਨੀਆਂ ਛਕ ਕੇ ਠੀਕ 9.05 ਵਜੇ ਕੈਲਾਡਨ ਟਰੇਲ ਦੇ ਪੱਛਮੀ ਹਿੱਸੇ ਵੱਲ ਚੱਲ ਪਏ। ਇਸ ਮੌਕੇ ਸਾਰਿਆਂ ਨੇ ਆਪਣੇ ਚਿਹਰਿਆਂ ਉੱਪਰ ਮਾਸਕ ਪਹਿਨੇ ਹੋਏ ਸਨ।

ਸਰਕਾਰ ਵੱਲੋਂ ਮਿਲੀਆਂ ਹਦਾਇਤਾਂ ਅਨੁਸਾਰ ਇਸ ਈਵੈਂਟ ਦੇ ਪ੍ਰਬੰਧਕਾਂ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਐਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੇ ਸੰਚਾਲਕ ਪਾਲ ਬੈਂਸ ਵੱਲੋਂ ਮੈਂਬਰਾਂ ਨੂੰ ਦੋ ਗਰੁੱਪਾਂ ਵਿਚ ਵੰਡਿਆ ਗਿਆ। ਪਹਿਲੇ ਗਰੁੱਪ ਵਿਚ 21 ਕਿਲੋਮੀਟਰ ਦੌੜਨ ਵਾਲਿਆਂ ਨੂੰ ਹਰੀ ਝੰਡੀ ਦਿੱਤੀ ਗਈ, ਜਦਕਿ ਦੂਸਰੇ ਗਰੁੱਪ ਵਿਚ 10 ਕਿਲੋਮੀਟਰ ਦੌੜਨ/ਤੇਜ਼ ਤੁਰਨ ਵਾਲੇ ਮੈਂਬਰ ਸ਼ਾਮਲ ਕੀਤਾ ਗਿਆ। ਸਾਰੇ ਮੈਂਬਰਾਂ ਵੱਲੋਂ ਆਪਸ ਵਿਚ 5-6 ਮੀਟਰ ਦੀ ਦੂਰੀ ਬਣਾ ਕੇ ਚੱਲਣ ਦੇ ਅਹਿਮ ਨਿਯਮ ਦੀ ਪਾਲਣਾ ਕੀਤੀ ਗਈ। ਟਰੇਲ 'ਤੇ ਦੌੜਾਕਾਂ ਦੀ ਸਹੂਲਤ ਲਈ ਪ੍ਰਬੰਧਕਾਂ ਵੱਲੋਂ ਦੌੜ ਦੇ ਆਰੰਭ ਹੋਣ ਦੇ ਸਥਾਨ ਤੋਂ 2.5 ਕਿਲੋਮੀਟਰ, 5 ਕਿਲੋਮੀਟਰ ਅਤੇ 10.5 ਕਿਲੋਮੀਟਰ ਦੀ ਦੂਰੀ ਦਰਸਾਉਣ ਵਾਲੇ ਸਾਈਨ-ਬੋਰਡ ਲਗਾਏ ਗਏ ਸਨ ਤਾਂ ਜੋ ਕੋਈ ਵੀ ਦੌੜਾਕ ਆਪਣੀ ਸਮਰੱਥਾ ਅਨੁਸਾਰ ਦੌੜਦਿਆਂ/ਚੱਲਦਿਆ ਹੋਇਆਂ ਆਪਣੀ ਵਾਪਸੀ ਕਰ ਸਕੇ। ਹੈਰਾਨੀ ਦੀ ਗੱਲ ਸੀ ਕਿ ਜਿਨ੍ਹਾਂ ਨੇ ਇਸ ਦੌੜ ਵਿਚ ਪੰਜ ਕਿਲੋਮੀਟਰ ਦੌੜਨ ਜਾਂ ਪੈਦਲ ਚੱਲਣ ਦਾ ਮਨ ਬਣਾਇਆ ਸੀ, ਉਨ੍ਹਾਂ ਨੇ ਵੀ ਢਾਈ ਕਿਲੋਮੀਟਰ ਦੀ ਦੂਰੀ ਵਾਲੇ ਸਾਈਨਬੋਰਡ ਤੋਂ ਮੋੜਾ ਨਾ ਪਾਇਆ ਅਤੇ ਸਾਰਿਆਂ ਨੇ 5 ਜਾਂ 10.5 ਕਿਲੋਮੀਟਰ ਵਾਲੇ ਸਾਈਨਬੋਰਡਾਂ ਤੋਂ ਵਾਪਸੀ ਕਰਕੇ 10 ਕਿਲੋਮੀਟਰ ਅਤੇ 21 ਕਿਲੋਮੀਟਰ ਦੌੜ ਕੇ/ਪੈਦਲ ਚੱਲ ਕੇ ਇਸ ਈਵੈਂਟ ਵਿਚ ਆਪਣੀ ਸਫ਼ਲਤਾ ਦਰਜ ਕਰਵਾਈ।

ਕਲੱਬ ਦੇ ਮੈਰਾਥਨ ਦੌੜਾਕਾਂ ਧਿਆਨ ਸਿੰਘ ਸੋਹਲ ਨੇ 21 ਕਿਲੋਮੀਟਰ ਦੀ ਦੂਰੀ 1 ਘੰਟਾ 50 ਮਿੰਟ ਅਤੇ ਸੋਢੀ ਕੰਗ ਨੇ 1 ਘੰਟਾ 53 ਮਿੰਟ ਵਿਚ ਪੂਰੀ ਕੀਤੀ, ਜਦਕਿ ਹੋਰ ਦੌੜਾਕਾਂ ਜਸਵੀਰ ਪਾਸੀ, ਪਰਦੀਪ ਪਾਸੀ, ਸੰਜੂ ਗੁਪਤਾ, ਕਰਮਜੀ ਸਿੰਘ ਕੋਚ, ਧਰਮ ਸਿੰਘ, ਕੁਲਦੀਪ ਗਰੇਵਾਲ, ਸਿਮਰਤ ਪਾਲ ਭੁੱਲਰ ਨੇ ਇਸ ਦੇ ਲਈ ਦੋ ਤੋਂ ਢਾਈ ਘੰਟੇ ਦਾ ਸਮਾ ਲਿਆ। ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਈਸ਼ਰ ਸਿੰਘ (77 ਸਾਲ) ਆਪਣੇ ਰਿਹਾਇਸ਼ੀ ਅਸਥਾਨ ਤੋਂ ਏਅਰਪੋਰਟ ਰੋਡ ਤੱਕ ਵਰਚੂਅਲ ਰੂਪ ਵਿਚ ਦੌੜ ਕੇ ਇਸ ਦੌੜ ਵਿਚ ਸ਼ਾਮਲ ਹੋਏ। ਹੋਰ ਸੀਨੀਅਰ ਮੈਂਬਰਾਂ ਵਿਚ ਕੇਸਰ ਸਿੰਘ ਬੜੈਚ (72), ਸੁਖਦੇਵ ਸਿੰਘ ਝੰਡ (70), ਹਰਭਜਨ ਸਿੰਘ ਗਿੱਲ (69), ਭਜਨ ਸਿੰਘ ਥਿੰਦ (68), ਜਸਵਿੰਦਰ ਸਿੰਘ (67) ਰਜਿੰਦਰ ਸਿੰਘ ਭਿੰਡਰ (67) ਅਤੇ ਪਰਮ ਸਿੱਧੂ ਸ਼ਾਮਲ ਸਨ ਜਿਨ੍ਹਾਂ ਨੇ ਇਸ ਦੌੜ ਵਿਚ 10 ਕਿਲੋਮੀਟਰ ਦੀ ਦੂਰੀ ਤੇਜ਼ ਪੈਦਲ ਚੱਲ ਕੇ ਤੈਅ ਕੀਤੀ। ਦੌੜ ਦੀ ਸਮਾਪਤੀ 'ਤੇ ਸਾਰਿਆਂ ਨੇ ਏਅਰਪੋਰਟ ਰੋਡ/ਸੈਂਡਲਵੁੱਡ ਪਲਾਜ਼ੇ ਵਿਚ ਸਥਿਤ ਸਬਵੇਅ ਦੇ ਮਾਲਕ ਕੁਲਵੰਤ ਸਿੰਘ ਧਾਲੀਵਾਲ ਵੱਲੋਂ ਕੁਲਦੀਪ ਰੰਧਾਵਾ ਦੇ ਹੱਥ ਭੇਜੇ ਗਏ ਸਬਾਂ ਅਤੇ ਜੂਸ ਨਾਲ ਲੰਚ ਕੀਤਾ ਅਤੇ ਘਰਾਂ ਨੂੰ ਵਾਪਸੀ ਲਈ ਚਾਲੇ ਪਾ ਦਿੱਤੇ।

ਇੱਥੇ ਇਹ ਜ਼ਿਕਰਯੋਗ ਹੈ ਕਿ ਕਲੱਬ ਦੇ 17 ਮੈਂਬਰਾਂ ਨੇ ਸਕੋਸ਼ੀਆਬੈਂਕ ਵਾਟਰਫ਼ਰੰਟ ਵਰਚੂਅਲ ਫੁੱਲ ਅਤੇ ਹਾਫ਼ ਮੈਰਾਥਨ 2020 ਲਈ ਆਪਣੀ ਰਜਿਸਟ੍ਰੇਸ਼ਨ ਕਰਵਾਈ ਸੀ ਅਤੇ ਉਹ ਸਾਰੇ ਇਹ ਲੋੜੀਂਦੀ ਦੂਰੀ ਇਸ ਤੋਂ ਪਹਿਲਾਂ ਵੱਖ-ਵੱਖ ਸਮੇਂ ਵੱਖ-ਵੱਖ ਟਰੇਲਾਂ 'ਤੇ ਦੌੜ ਕੇ ਪੂਰੀ ਕਰ ਚੁੱਕੇ ਸਨ। ਦੌੜ ਦੇ ਇਸ ਈਵੈਂਟ 'ਤੇ ਇਸ ਮੌਕੇ ਰਸਮੀ ਤੌਰ 'ਤੇ ਦੌੜ ਕੇ ਉਨ੍ਹਾਂ ਨੇ ਆਪਣੀ ਹਾਜ਼ਰੀ ਲਵਾਈ। ਪੀ.ਟੀ.ਐੱਨ. 24 ਦੇ ਸੰਚਾਲਕ ਚਮਕੌਰ ਸਿੰਘ ਮਾਛੀਕੇ ਅਤੇ ਜ਼ੀ.ਟੀ.ਵੀ. ਦੇ ਨੁਮਾਇੰਦੇ ਦਪਿੰਦਰ ਨੇ ਇਸ ਈਵੈਂਟ ਨੂੰ ਆਪਣੇ ਕੈਮਰਿਆਂ ਵਿਚ ਕੈਦ ਕੀਤਾ। ਅਖ਼ੀਰ ਵਿਚ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਕਲੱਬ ਦੇ ਸਾਰੇ ਮੈਂਬਰਾਂ ਅਤੇ ਮੀਡੀਏ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਇਸ ਈਵੈਂਟ ਨੂੰ ਸਫਲ਼ ਬਨਾਉਣ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ।


UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936


# ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਪਿਛੋਂ ਜਲ੍ਹਿਆਂਵਾਲਾ ਬਾਗ਼ ਤੋਂ 'ਪੰਜਾਬ ਬਚਾਓ ਕਾਫ਼ਲਾ' ਸ਼ੁਰੂ



ਅੰਮ੍ਰਿਤਸਰ, 2 ਨਵੰਬਰ (ਪੋਸਟ ਬਿਊਰੋ)- 'ਪਿੰਡ ਬਚਾਓ ਪੰਜਾਬ ਬਚਾਓ' ਸੰਸਥਾ ਵੱਲੋਂ ਪੰਜਾਬ ਸਮੇਤ ਰਾਜਾਂ ਨੂੰ ਵੱਧ ਅਧਿਕਾਰ ਦੇਣ, ਪੰਜਾਬ ਦੇ ਹੱਕਾਂ ਤੇ ਹਿੱਤਾਂ ਲਈ ਆਵਾਜ਼ ਬੁਲੰਦ ਕਰਨ ਦੇ ਪਿੰਡ-ਪਿੰਡ ਜਾ ਕੇ ਪੰਜਾਬ ਵਾਸੀਆਂ ਨਾਲ ਸੰਵਾਦ ਰਚਾਉਣ ਲਈ 'ਪੰਜਾਬ ਬਚਾਓ ਕਾਫ਼ਲੇ' ਦੀ ਸ੍ਰੀ ਅਕਾਲ ਤਖ਼ਤ ਵਿਖੇ ਅਰਦਾਸ ਕਰਨ ਪਿੱਛੋਂ ਜਲ੍ਹਿਆਂਵਾਲਾ ਬਾਗ਼ ਤੋਂ ਸ਼ੁਰੂਆਤ ਕੀਤੀ ਗਈ। ਕਾਫ਼ਲੇ ਦੀ ਰਵਾਨਗੀ ਤੋਂ ਪਹਿਲਾਂ ਜਲ੍ਹਿਆਂਵਾਲਾ ਬਾਗ਼ ਦੇ ਬਾਹਰ ਕਾਫ਼ਲੇ 'ਚ ਸ਼ਾਮਲ ਹੋ ਰਹੇ ਵਲੰਟੀਅਰਾਂ ਤੇ ਮੀਡੀਆ ਨੂੰ ਸੰਬੋਧਨ ਕਰਦਿਆਂ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਇਸ ਕਾਫ਼ਲੇ ਦੀ ਸ਼ੁਰੂਆਤ ਪੰਜਾਬ ਦਿਵਸ ਵਾਲੇ ਦਿਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕਾਫ਼ਲਾ ਪਹਿਲੇ ਪੜਾਅ ਤਹਿਤ ਤਿੰਨ ਮਹੀਨੇ ਲਈ ਪਿੰਡ-ਪਿੰਡ ਜਾਵੇਗਾ, ਜਿਸ ਦੌਰਾਨ 1 ਨਵੰਬਰ ਤੋਂ 16 ਨਵੰਬਰ ਦੌਰਾਨ ਮਾਝੇ ਦੇ ਚਾਰ ਜ਼ਿਲ੍ਹੇ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ ਅਤੇ ਤਰਨਤਾਰਨ ਜ਼ਿਲ੍ਹਿਆਂ 'ਚ ਪਹੁੰਚ ਕੀਤੀ ਜਾਵੇਗੀ ਅਤੇ ਦੂਜੇ ਪੜਾਅ ਵਿੱਚ ਫਿਰੋਜ਼ਪੁਰ ਤੋਂ ਲੈ ਕੇ ਮਾਲਵੇ ਦੇ ਚਾਰ ਜ਼ਿਲ੍ਹਿਆਂ ਦੇ ਪਿੰਡਾਂ ਵਿੱਚ ਜਾਗਣ ਦਾ ਹੋਕਾ ਦਿੱਤਾ ਜਾਵੇਗਾ।


ਸਾਬਕਾ ਵਿਧਾਇਕ ਤਰੇਸਮ ਜੋਧਾਂ, ਡਾ. ਸ਼ਾਮ ਸੁੰਦਰ ਦੀਪਤੀ, ਕਰਨੈਲ ਸਿੰਘ ਜਖੇਪਲ, ਜਸਵਿੰਦਰ ਸਿੰਘ ਐਡਵੋਕੇਟ, ਕਿਰਨਜੀਤ ਕੌਰ ਝੁਨੀਰ ਤੇ ਹੋਰਾਂ ਨੇ ਇਸ ਮੌਕੇ ਕਿਹਾ ਕਿ ਕਾਫ਼ਲੇ ਦੌਰਾਨ ਕਿਸਾਨ ਤੇ ਕਿਸਾਨੀ ਨੂੰ ਬਚਾਉਣ, ਲੋਕਾਂ ਦਾ ਸ਼ਕਤੀਕਰਨ ਤੇ ਗੁਆਂਢੀ ਦੇਸ਼ਾਂ ਨਾਲ ਦੋਸਤੀ ਦੇ ਸਬੰਧਾਂ ਨਾਲ ਵਪਾਰ ਕਰਨ ਹਿੱਤ ਸਰਹੱਦਾਂ ਖੋਲ੍ਹਣ ਦਾ ਮਾਹੌਲ ਬਣਾਉਣ ਅਤੇ ਨਸ਼ਿਆਂ ਦੇ ਰਾਹ ਪਈ ਜਵਾਨੀ ਨੂੰ ਬਚਾਉਣ ਵਰਗੇ ਮੁੱਖ ਮੁੱਦਿਆਂ ਬਾਰੇ ਸੰਵਾਦ ਰਚਾਇਆ ਜਾਵੇਗਾ।


Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

BOBBY SIDHU
partner
(Serving the Community for Over 16 yrs.)
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਬਰੈਂਪਟਨ ਨੇ ਸੂਬੇ ਤੋਂ ਨਵੇਂ ਹਸਪਤਾਲ ਬੈੱਡਾਂ ਵਾਸਤੇ ਮੁੱਖ ਨਿਵੇਸ਼ ਸੁਰੱਖਿਅਤ ਕੀਤਾ

ਬਰੈਂਪਟਨ, 2 ਨਵੰਬਰ (ਪੋਸਟ ਬਿਊਰੋ): ਸਿਟੀ ਆਫ ਬਰੈਂਪਟਨ, ਬਰੈਂਪਟਨ ਦੀਆਂ ਹੈਲਥ ਕੇਅਰ (ਸਿਹਤ ਦੇਖਭਾਲ) ਸਬੰਧੀ ਲੋੜਾਂ ਵਿੱਚ ਮਦਦ ਲਈ,ਓਨਟਾਰੀਓ ਦੇ ਪ੍ਰੀਮੀਅਰ ਦੇ ਐਲਾਨ ਦਾ ਸਵਾਗਤ ਕਰਦੀ ਹੈ। ਅੱਜ ਮੇਅਰ ਪੈਟ੍ਰਿਕ ਬ੍ਰਾਊਨ ਬਰੈਂਪਟਨ ਦੇ ਹੈਲਥਕੇਅਰ ਸਿਸਟਮ ਵਿੱਚ ਖਾਸ ਨਿਵੇਸ਼ ਦਾ ਐਲਾਨ ਕਰਨ ਲਈ ਪ੍ਰੀਮੀਅਰ ਡੱਗ ਫੋਰਡ, ਮਿਨਿਸਟਰ ਆਫ ਹੈਲਥ ਕ੍ਰਿਸਟੀਨ ਐਲੀਓਟ, ਐਸੋਸੀਏਟ ਮਿਨਿਸਟਰ ਅਤੇ ਐਮ.ਪੀ.ਪੀ. ਬਰੈਂਪਟਨ ਸਾਊਥ ਪ੍ਰਭਮੀਤ ਸਰਕਾਰੀਆ ਅਤੇ ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਡਾ. ਨਾਵੀਦ ਮੁਹੰਮਦ ਦੇ ਨਾਲ ਜੁੜੇ। ਇਹ ਕਾਰਵਾਈ ਸਿਟੀ ਦੀ ਫੇਅਰ ਡੀਲ ਫੌਰ ਬਰੈਂਪਟਨ ਐਡਵੋਕੇਸੀ ਮੁਹਿੰਮ ਦੀ ਹਿਮਾਇਤ ਕਰਦੀ ਹੈ, ਜੋ ਹੈਲਥ ਕੇਅਰ ਸਬੰਧੀ ਫੰਡਿੰਗ ਵਿੱਚ ਅੰਤਰ ਨੂੰ ਦੂਰ ਕਰਨ ਅਤੇ ਹਾਲਵੇ ਮੈਡੀਸਿਨ (ਵਾਰਡਾਂ ਵਿੱਚ ਕਮਰਾ ਨਾ ਹੋਣ ਕਾਰਨ ਹਾਲਵੇ ਵਿੱਚ ਰੋਗੀਆਂ ਦਾ ਇਲਾਜ ਕਰਨਾ) ਨੂੰ ਖ਼ਤਮ ਕਰਨ ਦੀ ਮੰਗ ਕਰਦੀ ਹੈ।

ਵਿਲੀਅਮ ਓਸਲਰ ਹੈਲਥ ਸਿਸਟਮ, ਹਸਪਤਾਲ ਸਮਰੱਥਾ ਦਬਾਅ ਨੂੰ ਖ਼ਤਮ ਕਰਨ ਅਤੇ ਉਡੀਕ ਸਮੇਂ ਨੂੰ ਘਟਾਉਣ ਵਿੱਚ ਮਦਦ ਲਈ 87 ਤੱਕ ਨਵੇਂ ਰੋਗੀ ਬੈੱਡ ਪ੍ਰਾਪਤ ਕਰੇਗਾ। ਇਸ ਵਿੱਚ ਬਰੈਂਪਟਨ ਸਿਵਿਕ ਹਸਪਤਾਲ ਵਿਖੇ 41 ਹਸਪਤਾਲ ਬੈੱਡ ਸ਼ਾਮਲ ਹਨ। ਓਨਟਾਰੀਓ ਸਰਕਾਰ ਵਾਧੂ ਨਿਵੇਸ਼ ਕਰਕੇ ਆਪਣੀ 2.8 ਡਾਲਰ ਬਿਲੀਅਨ ਦੀ ਕੋਵਿਡ-19 ਪਤਝੜ ਦੀ ਤਿਆਰੀ ਯੋਜਨਾ ਤੇ ਕੰਮ ਕਰ ਰਹੀ ਹੈ, ਤਾਂ ਜੋ ਹਸਪਤਾਲਾਂ ਵਿੱਚ ਵਾਧੂ ਬੈੱਡ ਅਤੇ ਪੂਰੇ ਸੂਬੇ ਵਿੱਚ ਵਿਕਲਪਿਕ ਸਿਹਤ ਫੈਸਿਲਿਟੀਜ ਸ਼ਾਮਲ ਕੀਤੀਆਂ ਜਾ ਸਕਣ। ਸੂਬੇ ਦੇ ਮੁਤਾਬਕ ਉਪਲੱਬਧ ਵਾਧੂ ਬੈੱਡ, ਸਰਜੀਕਲ ਕੰਮਾਂ ਵਿੱਚ ਦੇਰੀ (ਬੈਕਲੌਗ) ਨੂੰ ਘਟਾਉਣ ਅਤੇ ਕੋਵਿਡ-19 ਦੇ ਦੌਰਾਨ ਦੇਖਭਾਲ ਤੱਕ ਪਹੁੰਚ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨਗੇ।

ਪਿਛੋਕੜ:

ਦਸੰਬਰ 2019 ਵਿੱਚ, ਕੌਂਸਲ ਨੇ ਇੱਕ ਮਤਾ ਪਾਸ ਕੀਤਾ ਸੀ। ਜਿਸ ਵਿੱਚ ਵੱਡੇ ਫੰਡਿੰਗ ਅੰਤਰਾਲਾਂ, ਲੰਮੇ ਉਡੀਕ ਸਮਿਆਂ ਅਤੇ ਹਾਲਵੇ ਮੈਡੀਸਿਨ ਸਮੇਤ, ਬਰੈਂਪਟਨ ਦੇ ਹੈਲਥ ਕੇਅਰ ਸਿਸਟਮ ਦੀਆਂ ਬੇਜੋੜ ਅਤੇ ਲਾਜ਼ਮੀ ਲੋੜਾਂ ਨੂੰ ਪਛਾਣਿਆ ਗਿਆ ਸੀ। ਮਤੇ ਵਿੱਚ ਸਾਰੇ ਹੈਲਥ ਕੇਅਰ ਸਿਸਟਮ ਪ੍ਰਦਾਤਾਵਾਂ ਵੱਲੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਗਈ ਸੀ। ਜਨਵਰੀ, 2020 ਵਿੱਚ ਬਰੈਂਪਟਨ ਸਿਟੀ ਕੌਂਸਲ ਨੇ ਬਰੈਂਪਟਨ ਵਿੱਚ ਹੈਲਥ ਕੇਅਰ ਐਮਰਜੈਂ ਘੋਸ਼ਿਤ ਕਰਨ ਲਈ, ਸਰਬਸੰਮਤੀ ਨਾਲ ਇੱਕ ਪ੍ਰਸਤਾਵ ਪਾਸ ਕੀਤਾ ਸੀ। ਸਿਟੀ ਨੇ ਬਰੈਂਪਟਨ ਦੇ ਹੈਲਥ ਕੇਅਰ ਸਿਸਟਮ ਵਾਸਤੇ ਹੋਰ ਫੰਡਿੰਗ ਅਤੇ ਮਦਦ ਦੀ ਬੇਨਤੀ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ। ਇਨ੍ਹਾਂ ਵਿੱਚ ਸ਼ਾਮਲ ਹਨ। ਬਰੈਂਪਟਨ ਦੇ ਚੁਣੇ ਹੋਏ ਪ੍ਰਤੀਨਿਧੀਆਂ ਦੇ ਸਾਹਮਣੇ ਅਤੇ ਸਾਲਾਨਾ ਐਸੋਸੀਏਸ਼ਨ ਆਫ ਮਿਊਨਿਸਿਪਲਟੀਜ ਆਫ ਓਨਟਾਰੀਓ (Association of Municipalities of Ontario) (ਏ.ਐਮ.ਓ.) ਕਾਨਫਰੰਸ ਵਿੱਚ ਨੁਮਾਇੰਦਗੀ ਕਰਨਾ ਅਤੇ ਪ੍ਰੀ-ਬਜਟ ਸਬਮਿਸ਼ਨ (Pre-Budget Submission) ਪ੍ਰਕਿਰਿਆ ਦੁਆਰਾ ਸਰਕਾਰ ਦੀ ਹਿਮਾਇਤ ਕਰਨਾ। ਸਿਟੀ ਬਰੈਂਪਟਨ ਦੀਆਂ ਹੈਲਥ ਕੇਅਰ ਸਬੰਧੀ ਚਿੰਤਾਵਾਂ ਵਾਸਤੇ ਜਾਗਰੂਕਤਾ ਅਤੇ ਮਦਦ ਵਧਾਉਣ ਲਈ #ਫੇਅਰਡੀਲਫੌਰਬਰੈਂਪਟਨ ਹੈਲਥ ਕੇਅਰ ਐਡਵੋਕੇਸੀ ਕੈਂਪੇਨ (#FairDealForBrampton health care advocacy campaign) ਦਾ ਵੀ ਪ੍ਰਚਾਰ ਕਰ ਰਹੀ ਹੈ।

ਹਵਾਲੇ:

'ਬਰੈਂਪਟਨ ਦੇ ਹੈਲਥ ਕੇਅਰ ਸਿਸਟਮ ਵਿੱਚ, ਕਾਫੀ ਲੰਮੇ ਸਮੇਂ ਤੋਂ ਬਹੁਤ ਜ਼ਿਆਦਾ ਭੀੜ ਹੈ ਅਤੇ ਬੇਹੱਦ ਘੱਟ ਫੰਡਿੰਗ ਮਿਲ ਰਹੀ ਹੈ ਅਤੇ ਹਾਲਵੇ ਮੈਡੀਸਿਨ ਸੰਕਟ ਮਹਾਂਮਾਰੀ ਨਾਲ ਹੋਰ ਵੀ ਵਧ ਗਿਆ ਹੈ। ਸਾਨੂੰ ਸੂਬੇ ਤੋਂ ਮਦਦ ਦੀ ਬੇਹੱਦ ਲੋੜ ਹੈ। ਅਸੀਂ ਸੂਬੇ ਦੀ ਪਤਝੜ ਤਿਆਰੀ ਯੋਜਨਾ ਦੇ ਹਿੱਸੇ ਵਜੋਂ ਸਾਡੇ ਭਾਈਚਾਰੇ ਲਈ ਸਹੀ ਦਿਸ਼ਾ ਵਿੱਚ ਚੁੱਕੇ ਗਏ ਇਸ ਸਕਾਰਾਤਮਕ ਕਦਮ ਦਾ ਸੁਆਗਤ ਕਰਦੇ ਹਾਂ। ਖਾਸ ਕਰਕੇ ਜਦੋਂ ਪੀਲ ਵਿੱਚ ਹੁਣ ਕੋਵਿਡ-19 ਦੀ ਦੂਜੀ ਲਹਿਰ ਹੈ। ਇਹ ਨਵੇਂ ਹਸਪਤਾਲ ਬੈੱਡ ਬਰੈਂਪਟਨ ਸਿਵਿਕ ਵਿਖੇ ਦੇਖਭਾਲ ਤੱਕ ਪਹੁੰਚ ਅਤੇ ਕੁਸ਼ਲਤਾ ਵਿੱਚ ਸੁਧਾਰ ਕਰਨਗੇ ਕਿਉਂਕਿ ਅਸੀਂ ਸਿਟੀ ਦੇ ਉਤਰ-ਪੱਛਮ ਵਿੱਚ ਨਵਾਂ ਹਸਪਤਾਲ ਸ਼ੁਰੂ ਕਰ ਰਹੇ ਹਾਂ। ਮੈਂ ਬਰੈਂਪਟਨ ਦੇ ਨਿਵਾਸੀਆਂ ਲਈ ਹੈਲਥਕੇਅਰ ਵਿੱਚ ਸੁਧਾਰ ਕਰਨ ਵਾਸਤੇ ਓਸਲਰ ਦੀ ਪੀਲ ਮੈਮੋਰੀਅਲ ਸਾਈਟ ਨਿਰਮਾਣ ਦੇ ਫੇਜ 2 ਦਾ ਵਿਸਤਾਰ ਕਰਨ ਲਈ ਅੱਜ ਪ੍ਰੀਮੀਅਰ ਵੱਲੋਂ ਕੀਤੇ ਐਲਾਨ ਦਾ ਸਵਾਗਤ ਕਰਦਾ ਹਾਂ।'

-ਪੈਟ੍ਰਿਕ ਬ੍ਰਾਊਨ, ਮੇਅਰ, ਸਿਟੀ ਆਫ ਬਰੈਂਪਟਨ।

'ਸਾਡਾ ਭਾਈਚਾਰਾ ਹੈਲਥ ਕੇਅਰ ਤੱਕ ਬਰਾਬਰੀ ਦੀ ਪਹੁੰਚ ਦਾ ਹੱਕਦਾਰ ਹੈ। ਅਸੀਂ ਇਸਦੀ ਹਿਮਾਇਤ ਕੀਤੀ ਅਤੇ ਓਨਟਾਰੀਓ ਸਰਕਾਰ ਨੇ ਉਨ੍ਹਾਂ ਕੁਝ ਦਬਾਵਾਂ ਨੂੰ ਦੂਰ ਕਰਨ ਵਿੱਚ ਮਦਦ ਕੀਤੀ, ਜਿਨ੍ਹਾਂ ਦਾ ਸਾਡਾ ਸ਼ਹਿਰ ਲਗਾਤਾਰ ਸਾਹਮਣਾ ਕਰ ਰਿਹਾ ਹੈ। ਬਰੈਂਪਟਨ ਕੈਨੇਡਾ ਵਿੱਚ ਤੇਜ਼ੀ ਨਾਲ ਵਧਣ ਵਾਲਾ ਵੱਡਾ ਸ਼ਹਿਰ ਹੈ। ਸਾਨੂੰ ਲਗਾਤਾਰ ਸੂਬਾਈ ਭਾਈਵਾਲੀਆਂ ਅਤੇ ਸਾਡੇ ਨਿਵਾਸੀਆਂ ਵਾਸਤੇ ਲੋੜੀਂਦੀ ਦੇਖਭਾਲ ਲਿਆਉਣ ਵਿੱਚ ਮਦਦ ਦੀ ਲੋੜ ਹੈ।'

-ਰੋਏਨਾ ਸੈਨਟੋਸ, ਚੇਅਰ, ਕਮਿਉਨਿਟੀ ਸਰਵਿਸਿਜ; ਰੀਜਨਲ ਕੌਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬਰੈਂਪਟਨ।

'ਨਵੇਂ ਹਸਪਤਾਲ ਬੈੱਡ, ਹਾਲਵੇ ਹੈਲਥ ਕੇਅਰ ਨੂੰ ਖ਼ਤਮ ਕਰਨ ਵਾਸਤੇ ਬੇਹੱਦ ਮਹੱਤਵਪੂਰਣ ਹਨ। ਬਰੈਂਪਟਨ ਸਿਵਿਕ ਇਸ ਵੇਲੇ ਸਾਡੇ ਭਾਈਚਾਰੇ ਦਾ ਇੱਕੋ ਹਸਪਤਾਲ ਹੈ। ਕਿਉਂਕਿ ਇਹ ਇੱਕ ਮਹੱਤਵਪੂਰਣ ਕਦਮ ਹੈ। ਅਸੀਂ ਸੂਬੇ ਤੋਂ ਸਾਡੇ ਸ਼ਹਿਰ ਵਾਸਤੇ ਢੁੱਕਵੀਂ ਹੈਲਥ ਕੇਅਰ ਦੀ ਮੰਗ ਕਰਨਾ ਜਾਰੀ ਰੱਖਾਂਗੇ।'

-ਸ਼ਾਰਮੇਨ ਵਿਲੀਅਮਸ, ਵਾਈਸ-ਚੇਅਰ, ਕਮਿਉਨਿਟੀ ਸਰਵਿਸਿਜ਼ ਸਿਟੀ ਕਾਉਂਸਲਰ, ਵਾਰਡਸ 7 ਅਤੇ 8, ਸਿਟੀ ਆਫ ਬਰੈਂਪਟਨ।

'ਸਿਟੀ ਦਾ ਸਟਾਫ਼ ਇਹ ਯਕੀਨੀ ਬਣਾਉਣ ਲਈ ਲਗਾਤਾਰ ਕੌਂਸਲ ਨਾਲ ਮਿਲ ਕੇ ਕੰਮ ਕਰ ਰਿਹਾ ਹੈ ਕਿ ਬਰੈਂਪਟਨ ਨੂੰ ਸਾਡੇ ਸਰਕਾਰੀ ਭਾਈਵਾਲਾਂ ਤੋਂ ਹੈਲਥ ਕੇਅਰ ਵਿੱਚ ਫੇਅਰ ਡੀਲ ਪ੍ਰਾਪਤ ਹੋਵੇ। ਸਾਨੂੰ ਸਾਡੇ ਸ਼ਹਿਰ ਵਿੱਚ ਇਸ ਨਿਵੇਸ਼ ਤੇ ਮਾਣ ਹੈ। ਅਸੀਂ ਜਾਣਦੇ ਹਾਂ ਕਿ ਬਰੈਂਪਟਨ ਵਿਚ ਹੈਲਥ ਕੇਅਰ ਅਤੇ ਜੀਵਨ ਕੁਆਲਿਟੀ ਵਿੱਚ ਸੁਧਾਰ ਕਰਨ ਵਾਸਤੇ, ਸਾਡੇ ਲਈ ਮਿਹਨਤ ਅਤੇ ਹਿਮਾਇਤ ਨੂੰ ਜਾਰੀ ਰੱਖਣਾ ਲਾਜ਼ਮੀ ਹੈ।'

-ਡੇਵਿਡ ਬੈਰਿਕ, ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬਰੈਂਪਟਨ।

'ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ 'ਤੇ ਬਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ। ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ 'ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, aqy Instagram 'ਤੇ ਜੁੜੋ। www, Brampton,ca 'ਤੇ ਹੋਰ ਜਾਣੋ।

-ਮੀਡੀਆ ਸੰਪਰਕ

ਮੋਨਿਕਾ ਦੁੱਗਲ, ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ, ਸਟ੍ਰੈਟਜਿਕ ਕਮਿਊਨੀਕੇਸ਼ਨ, ਸਿਟੀ ਆਫ ਬਰੈਂਪਟਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਮਨ ਵਿੱਚੋਂ ਉਪਜਿਆ ਡਰ

-ਪ੍ਰੋ. ਬਸੰਤ ਸਿੰਘ ਬਰਾੜ

ਗੱਲ ਦਸੰਬਰ 1966 ਦੀ ਹੈ। ਮੇਰੀ ਪਹਿਲੀ ਨਿਯੁਕਤੀ ਸਰਕਾਰੀ ਕਾਲਜ ਨਾਰਨੌਲ ਵਿਚ ਹੋ ਗਈ। ਦੱਖਣ ਪੱਛਮੀ ਹਰਿਆਣੇ ਦਾ ਇਹ ਸ਼ਹਿਰ ਅਣਵੰਡੇ ਪੰਜਾਬ ਦਾ ਕਾਲੇ ਪਾਣੀ ਵਰਗਾ ਸਜ਼ਾ ਕੇਂਦਰ ਜਾਪਦਾ ਸੀ। ਪਹਿਲੀ ਨਵੰਬਰ 1966 ਨੂੰ ਹਰਿਆਣਾ ਬਣਨ ਨਾਲ ਚੰਡੀਗੜ੍ਹ ਤੇ ਕੁਝ ਇਲਾਕਿਆਂ ਬਾਰੇ ਝਗੜਾ ਹੋਣ ਕਰਕੇ ਉਥੇ ਪੰਜਾਬੀਆਂ ਦੇ ਖਿਲਾਫ ਭਾਵਨਾ ਸਿਖਰ ਉੱਤੇ ਸੀ। ਮੈਂ ਚੰਡੀਗੜ੍ਹ ਜਾ ਕੇ ਪੰਜਾਬ ਦਾ ਕੋਈ ਕਾਲਜ ਮੰਗਿਆ ਤਾਂ ਜਵਾਬ ਮਿਲਿਆ ਕਿ ਮੇਰਾ ਪਿੰਡ ਹਰਿਆਣੇ ਵਿਚ ਪੈਂਦਾ ਸੀ। ਇਸ ਨਾਲ ਮੈਂ ਪੰਜਾਬ ਵਿਚ ਹਰਿਆਣਵੀ ਅਤੇ ਹਰਿਆਣੇ ਵਿਚ ਪੰਜਾਬੀ ਬਣ ਗਿਆ।

ਨਾਰਨੌਲ ਜਾਣਾ ਹੀ ਪੈਣਾ ਸੀ। ਉਤਰੀ ਰੇਲਵੇ ਦਾ ਟਾਈਮ ਟੇਬਲ ਦੇਖਿਆ ਤਾਂ ਇਹ ਸਟੇਸ਼ਨ ਨਾ ਲੱਭਾ। ਘਬਰਾਹਟ ਤੇ ਡਰ ਜਾਗਿਆ ਕਿ ਕਿੱਥੇ ਫਸ ਗਏ (ਦਰਅਸਲ ਉਹ ਸਟੇਸ਼ਨ ਪੱਛਮੀ ਰੇਲਵੇ ਉੱਤੇ ਹੈ)। ਕਿਸੇ ਨੇ ਦੱਸਿਆ ਕਿ ਚਰਖੀ ਦਾਦਰੀ ਤੱਕ ਗੱਡੀ ਉੱਤੇ ਅਤੇ ਅੱਗੇ ਬੱਸ 'ਤੇ ਜਾਣਾ ਪੈਣਾ ਹੈ। ਉਥੇ ਪਹੁੰਚ ਕੇ ਗੱਡੀ ਤੋਂ ਉਤਰਿਆ ਤਾਂ ਲੱਤਾਂ ਕੰਬਣ ਲੱਗ ਪਈਆਂ। ਭੀੜ ਵਿੱਚ ਇਕ ਵੀ ਪੰਜਾਬੀ ਨਹੀਂ ਸੀ। ਹਰ ਪਾਸੇ ਗੂੜ੍ਹੇ ਰੰਗਾਂ ਦੇ ਕੱਪੜਿਆਂ ਵਾਲੇ ਲੋਕਾਂ ਦਾ ਸਮੁੰਦਰ। ਬੱਸ ਫੜੀ ਅਤੇ ਸਿੱਧਾ ਕਾਲਜ ਜਾ ਕੇ ਰਿਪੋਰਟ ਦੇ ਦਿੱਤੀ।

ਥੋੜ੍ਹੀ ਰਾਹਤ ਮਿਲੀ ਜਦੋਂ ਉਥੋਂ ਦੇ ਪ੍ਰਿੰਸੀਪਲ ਡਾ. ਭਗਤ ਸਿੰਘ ਨਿਕਲੇ, ਜਿਹੜੇ ਬਾਅਦ ਵਿੱਚ ਵਾਈਸ ਚਾਂਸਲਰ ਵੀ ਰਹੇ। ਉਨ੍ਹਾਂ ਨੇ ਕਿਹਾ ਕਿ ਮੈਨੂੰ ਐਸ ਪੀ ਜੁਤਸ਼ੀ ਮਿਲਣਾ ਚਾਹੁੰਦੇ ਸਨ। ਨਵਾਂ ਡਰ ਖੜ੍ਹਾ ਹੋ ਗਿਆ, ਕਿਉਂਕਿ ਜਿਸ ਪ੍ਰਾਈਵੇਟ ਕਾਲਜ ਤੋਂ ਮੈਂ ਆਇਆ ਸਾਂ, ਉਥੇ ਪ੍ਰਿੰਸੀਪਲ ਦੇ ਖਿਲਾਫ ਹੜਤਾਲ ਚੱਲ ਰਹੀ ਸੀ ਅਤੇ ਉਸ ਵਿੱਚ, ਗਲਤ ਜਾਂ ਠੀਕ, ਮੇਰਾ ਨਾਂ ਵੀ ਬੋਲਦਾ ਸੀ। ਸ਼ਾਮ ਨੂੰ ਮੈਂ ਐਸ ਪੀ ਦੀ ਕੋਠੀ ਚਲਾ ਗਿਆ। ਉਨ੍ਹਾਂ ਵਧੀਆ ਚਾਹ ਪਿਆਈ ਤੇ ਦੱਸਿਆ ਕਿ ਪੰਜਾਬ ਦਾ ਇਕ ਪੁਲਸ ਅਫਸਰ ਮੈਨੂੰ ਕੋਈ ਰਿਸ਼ਤਾ ਕਰਾਉਣਾ ਚਾਹੁੰਦਾ ਸੀ! ਪਾਸਾ ਹੀ ਪਲਟ ਗਿਆ ਸੀ।

ਅਗਲੇ ਦਿਨ ਕਲਾਸਾਂ ਲੈਣੀਆਂ ਸਨ। ਦੋਸਤਾਂ ਨੇ ਦੱਸਿਆ ਸੀ ਕਿ ਨਾਰਨੌਲ ਦੇ ਵਿਦਿਆਰਥੀ ਹਰਿਆਣਵੀ ਬੋਲ ਕੇ ਪੰਜਾਬੀ ਪ੍ਰੋਫੈਸਰਾਂ ਨੂੰ ਤੰਗ ਕਰਦੇ ਸਨ। ਮੈਂ ਸਕੂਲ ਤੇ ਕਾਲਜ ਦੌਰਾਨ ਸਿਰਸਾ ਵਿਚ ਪੜ੍ਹਿਆ ਸੀ ਅਤੇ ਸ਼ੁਗਲ 'ਚ ਬਾਗੜੀ ਦੋਸਤਾਂ ਨਾਲ ਹਰਿਆਣਵੀ ਬੋਲਦਾ ਰਿਹਾ ਸੀ। ਮੇਰਾ ਵਿਸ਼ਾ ਅੰਗਰੇਜ਼ੀ ਸੀ, ਪਰ ਮੈਂ ਕਲਾਸ ਵਿੱਚ ਜਾਂਦੇ ਹੀ ਹਰਿਆਣਵੀ ਬੋਲਣੀ ਸ਼ੁਰੂ ਕਰ ਦਿੱਤੀ। ਸਾਰੇ ਠਠੰਬਰ ਗਏ। ਸਿਰਫ ਇਕ ਵਿਦਿਆਰਥੀ ਨੇ ਪੁੱਛਿਆ ਕਿ ਮੇਰਾ ਵਿਆਹ ਹੋ ਗਿਆ ਕਿ ਨਹੀਂ, ਕਿਉਂਕਿ ਉਸ ਇਲਾਕੇ ਵਿੱਚ ਮੁੱਛ ਦਾੜ੍ਹੀ ਆਉਣ ਮਗਰੋਂ ਰਿਸ਼ਤਾ ਨਹੀਂ ਹੁੰਦਾ ਸੀ। ਸਾਰੇ ਵਿਦਿਆਰਥੀ ਵਿਆਹੇ ਹੋਏ ਸਨ। ਮੈਂ ਹੱਸ ਕੇ ਕਹਿ ਦਿੱਤਾ, 'ਬੇਟਾ, ਮਾਰ੍ਹੇ ਤੋ ਧੌਲੀ ਦਾੜ੍ਹੀ ਵਾਲੇ ਭੀ ਬਿਆਹੇ ਜਾਵੈਂ।' ਸਾਰੇ ਹੱਸ ਪਏ ਅਤੇ ਮੇਰੇ ਮੁਰੀਦ ਬਣ ਗਏ। ਫਿਰ ਖੱਬਲ ਵਾਂਗ ਜੜ੍ਹਾਂ ਪੈਂਦੀਆਂ ਗਈਆਂ।

ਉਥੇ ਕਿਰਾਏ ਦੇ ਮਕਾਨ ਔਖੇ ਮਿਲਦੇ ਸਨ। ਇਕ ਸਥਾਨਕ ਪ੍ਰੋਫੈਸਰ ਮੈਨੂੰ ਮਸ਼ਹੂਰ ਵਕੀਲ ਦੀਵਾਨ ਸਾਹਿਬ ਦੀ ਹਵੇਲੀ ਲੈ ਗਿਆ। ਪੁਰਾਣੇ ਕਿਲ੍ਹੇ ਵਾਂਗ ਵਿਸ਼ਾਲ ਇਮਾਰਤ ਸੀ। 70-75 ਸਾਲ ਦੇ ਦੀਵਾਨ ਸਾਹਿਬ ਤੇ ਉਨ੍ਹਾਂ ਦੀ ਅੰਗਰੇਜ਼ ਪਤਨੀ ਹੀ ਉਸ ਵਿੱਚ ਰਹਿੰਦੇ ਸਨ। ਉਨ੍ਹਾਂ ਨੇ ਥੋੜ੍ਹੇ ਜਿਹੇ ਕਿਰਾਏ ਵਿੱਚ ਮੈਨੂੰ ਹੇਠਾਂ ਲੰਮਾ ਚੌੜਾ ਹਾਲ ਦੇ ਦਿੱਤਾ। ਉਹ ਆਪ ਉਪਰ ਰਹਿੰਦੇ ਸਨ। ਉਸ ਵੱਡੇ ਹਾਲ ਵਿਚ ਮੰਜਾ ਬਿਸਤਰਾ ਲਾ ਕੇ ਮੈਂ ਆਰਾਮ ਨਾਲ ਰਹਿਣ ਲੱਗ ਪਿਆ। ਸੁਬ੍ਹਾ ਬਿਸਕੁਟਾਂ ਨਾਲ ਚਾਹ ਉਹ ਭੇਜ ਦਿੰਦੇ ਸਨ, ਖਾਣਾ ਢਾਬੇ ਉਤੇ। ਸਾਰਾ ਦਿਨ ਇਧਰ ਉਧਰ ਲੰਘ ਜਾਂਦਾ। ਥੱਕ ਕੇ ਰਾਤ ਨੂੰ ਗੂੜ੍ਹੀ ਨੀਂਦ ਆ ਜਾਂਦੀ। ਗੱਡੀ ਰਿੜ੍ਹ ਪਈ।

ਮਹੀਨੇ ਕੁ ਪਿੱਛੋਂ ਇਕ ਪੁਰਾਣੇ ਪ੍ਰੋਫੈਸਰ ਨੇ ਮੇਰੀ ਰਿਹਾਇਸ਼ ਬਾਰੇ ਪੁੱਛਿਆ। ਦੀਵਾਨ ਸਾਹਿਬ ਦੀ ਹਵੇਲੀ ਦੇ ਹਾਲ ਵਿੱਚ ਰਹਿਣ ਬਾਰੇ ਸੁਣ ਕੇ ਉਹ ਚੌਂਕ ਗਿਆ। ਪੁੱਛਣ 'ਤੇ ਉਸ ਨੇ ਉਸ ਹਵੇਲੀ ਦਾ ਡਰਾਉਣਾ ਪਿਛੋਕੜ ਦੱਸਿਆ। ਉਸ ਨੇ ਦੱਸਿਆ ਕਿ 1857 ਵਿਚ ਅੰਗਰੇਜ਼ਾਂ ਨੇ ਇਹ ਇਲਾਕਾ ਮਹਾਰਾਜਾ ਪਟਿਆਲਾ ਨੂੰ ਦੇ ਦਿੱਤਾ ਸੀ। ਮਹਿੰਦਰਗੜ੍ਹ ਸ਼ਹਿਰ ਮਹਾਰਾਜਾ ਮਹਿੰਦਰ ਸਿੰਘ ਨੇ ਵਸਾਇਆ ਸੀ ਅਤੇ ਇਸ ਜ਼ਿਲੇ ਦਾ ਨਾਂ ਵੀ 'ਜ਼ਿਲਾ ਮਹਿੰਦਰਗੜ੍ਹ ਐਟ ਨਾਰਨੌਲ' ਹੈ। ਇਥੇ ਮੁਸਲਮਾਨਾਂ ਦੀ ਕਾਫੀ ਆਬਾਦੀ ਸੀ। 1947 ਦੇ ਖੂਨ ਖਰਾਬੇ ਵੇਲੇ ਮਹਾਰਾਜਾ ਪਟਿਆਲਾ ਦਾ ਹੁਕਮ ਸੀ ਕਿ ਰਿਆਸਤ ਦਾ ਇਕ ਵੀ ਬੰਦਾ ਮਾਰਿਆ ਨਹੀਂ ਜਾਣਾ ਚਾਹੀਦਾ। ਸ਼ਹਿਰ ਦੇ ਜ਼ਿਆਦਾਤਰ ਮੁਸਲਮਾਨ ਦੀਵਾਨ ਸਾਹਿਬ ਦੀ ਹਵੇਲੀ ਵਿਚ ਇਕੱਠੇ ਹੋ ਗਏ। ਹੌਲੀ-ਹੌਲੀ ਫੌਜ ਦੀਆਂ ਗੱਡੀਆਂ ਉਨ੍ਹਾਂ ਨੂੰ ਪਾਕਿਸਤਾਨ ਪਹੁੰਚਾ ਰਹੀਆਂ ਸਨ, ਪਰ ਇਕ ਦਿਨ ਕਿਸੇ ਮੁਸਲਮਾਨ ਮੁੰਡੇ ਨੇ ਛੋਟੇ ਜਿਹੇ ਝਗੜੇ ਕਾਰਨ ਮਹਾਰਾਜੇ ਦੇ ਇਕ ਫੌਜੀ ਅਫਸਰ ਨੂੰ ਗੋਲੀ ਮਾਰ ਦਿੱਤੀ। ਫਿਰ ਕੀ ਸੀ? ਫੌਜ ਨੇ ਦੀਵਾਨ ਸਾਹਿਬ ਦੀ ਹਵੇਲੀ ਘੇਰ ਲਈ। ਹਰ ਪਾਸਿਓਂ ਮਸ਼ੀਨ ਗੰਨਾਂ ਬੀੜ ਕੇ ਹਾਲ ਅਤੇ ਵਿਹੜੇ ਵਿਚ ਲਾਸ਼ਾਂ ਦੇ ਢੇਰ ਲਾ ਦਿੱਤੇ। 'ਤੂੰ ਉਥੇ ਕਿਵੇਂ ਰਹੀ ਜਾਨੈਂ?' ਉਸ ਨੇ ਹੈਰਾਨ ਹੋ ਕੇ ਪੁੱਛਿਆ।

ਜਿਸ ਹਾਲ ਵਿਚ ਮੈਂ ਦਿਨ ਚੜ੍ਹੇ ਤੱਕ ਘੂਕ ਸੌਂਦਾ ਸੀ, ਉਥੇ ਡਰ ਦੇ ਮਾਰੇ ਸਾਰੀ ਰਾਤ ਨੀਂਦ ਨਾ ਆਵੇ। ਜਦੋਂ ਅੱਖ ਲੱਗਦੀ, ਚੀਕਾਂ ਦੀ ਕੁਰਲਾਹਟ ਮੱਚ ਜਾਂਦੀ, ਤ੍ਰੇਲੀਆਂ ਆ ਜਾਂਦੀਆਂ, ਜਨਵਰੀ ਵਿੱਚ ਪਸੀਨੇ ਨਾਲ ਭਿੱਜ ਜਾਂਦਾ ਅਤੇ ਅੱਖ ਖੁੱਲ੍ਹ ਜਾਂਦੀ। ਮਸਾਂ ਰਾਤ ਕੱਟੀ। ਅਗਲੇ ਦਿਨ ਦੀਵਾਨ ਸਾਹਿਬ ਦਾ ਕਿਰਾਇਆ ਦੇ ਕੇ ਧਰਮਸ਼ਾਲਾ ਵਿੱਚ ਜਾ ਟਿਕਿਆ। ਏਦਾਂ ਵਾਕਿਆ ਹੀ ਡਰ ਮਨ ਵਿੱਚੋਂ ਪੈਦਾ ਹੁੰਦਾ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal Co-Host
Iqbal Mahal Producer & Host
Serving the South Asian Community Since 1976

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

MARVES HARDWOOD FLOORING

Services:
Fence - Hardwood Flooring
Stairs - Small Renovation
John
416-787-6551

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

KARWACHAUTH SPECIAL
Get your hand filled with beautiful Henna design this Karwachauth.
Facial is also available on request !!
ਇਸ ਕਰਵਾਚੌਥ ਨੂੰ ਆਪਣੇ ਹੱਥਾਂ ਨੂੰ ਸੁੰਦਰ ਮਹਿੰਦੀ ਦੇ ਡਿਜਾਇਨ ਨਾਲ ਭਰੋ!!
Call for Booking:
416-628-6468

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਅਸਲ ਵਿੱਚ ਕੀ ਮਤਲਬ ਹੈ ਅਜਿਹੇ ਵਾਅਦਿਆਂ ਦਾ

-ਕਰਣ ਥਾਪਰ-

ਭਾਜਪਾ ਦਾ ਐਲਾਨ ਪੱਤਰ ਕਹਿੰਦਾ ਹੈ ਕਿ ਜੇ ਉਹ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਹਾਸਲ ਕਰਦੀ ਹੈ ਤਾਂ ਸੂਬੇ ਦੇ ਹਰ ਨਾਗਰਿਕ ਨੂੰ ਕੋਰੋਨਾ ਦੀ ਮੁਫਤ ਵੈਕਸੀਨ ਦਿੱਤੀ ਜਾਵੇਗੀ। ਭਾਜਪਾ ਦੀ ਇਹ ਗੱਲ ਅਨੈਤਿਕ ਪ੍ਰਤੀਤ ਹੁੰਦੀ ਹੈ ਅਤੇ ਮੈਂ ਜਲਦੀ ਹੀ ਇਸ ਦੇ ਬਾਰੇ ਦੱਸਾਂਗਾ ਕਿ ਅਜਿਹਾ ਕਿਉਂ ਹੈ। ਐਲਾਨ ਪੱਤਰ ਕਹਿੰਦਾ ਹੈ ਕਿ, ''ਸਾਡਾ ਵਾਅਦਾ ਹੈ ਕਿ ਜਦੋਂ ਵੀ ਕੋਵਿਡ ਦੀ ਵੈਕਸੀਨ ਮਿਲੇਗੀ, ਉਦੋਂ ਬਿਹਾਰ ਦੇ ਹਰ ਵਾਸੀ ਨੂੰ ਮੁਫਤ ਵੈਕਸੀਨ ਦਿੱਤੀ ਜਾਵੇਗੀ।''

ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਜਿਨ੍ਹਾਂ ਨੇ ਇਸ ਦਸਤਾਵੇਜ਼ ਨੂੰ ਜਾਰੀ ਕੀਤਾ, ਦਾ ਅੱਗੇ ਕਹਿਣਾ ਹੈ ਕਿ ਸਾਡੇ ਸੰਕਲਪ ਪੱਤਰ ਵਿੱਚ ਇਹ ਸਾਡਾ ਪਹਿਲਾ ਵਾਅਦਾ ਹੈ। ਉਨ੍ਹਾਂ ਕਿਹਾ ਕਿ ਇਹ ਸਭ ਤੋਂ ਮਹੱਤਵ ਪੂਰਨ ਗੱਲ ਹੈ ਕਿ ਜਿਸ ਨੂੰ ਜ਼ਿੰਮੇਵਾਰੀ ਨਾਲ ਕਿਹਾ ਗਿਆ ਹੈ ਕਿ ਹੋਰਨਾਂ ਸ਼ਬਦਾਂ 'ਚ ਭਾਜਪਾ ਨੇ ਧਿਆਨ ਪੂਰਵਕ ਇਸ ਦੇ ਬਾਰੇ ਸੋਚਿਆ ਹੈ।

ਇਹ ਵਾਅਦਾ ਭਾਰਤ ਵੱਲੋਂ ਧਿਆਨ ਪੂਰਵਕ ਬਣਾਏ ਚੋਣ ਕਾਨੂੰਨਾਂ ਜਾਂ ਨਿਯਮਾਂ ਨੂੰ ਤੋੜਨਾ ਨਹੀਂ। ਜਨਤਾ ਦੀ ਪ੍ਰਤੀਨਿਧਤਾ ਦੇ ਕਾਨੂੰਨ ਦੀ ਧਾਰਾ 123 ਵਿੱਚ ਕਿਹਾ ਗਿਆ ਹੈ ਕਿ ਸਰਕਾਰੀ ਨੀਤੀ ਜਾਂ ਕੋਈ ਵੀ ਸਰਕਾਰੀ ਕਾਰਵਾਈ ਦੇ ਵਾਅਦੇ ਦਾ ਐਲਾਨ ਪ੍ਰਵਾਨ ਯੋਗ ਐਲਾਨ ਪੱਤਰ ਵਾਅਦੇ ਹਨ ਅਤੇ ਇਹ ਅਣਉਚਿਤ ਪ੍ਰਭਾਵ ਪਾਉਣ ਦਾ ਯਤਨ ਨਹੀਂ ਹੈ। ਇਸ ਆਧਾਰ 'ਤੇ ਕਾਂਗਰਸ ਦੀ ਨਿਆਂ ਸਕੀਮ (2019), ਡੀ ਐੱਮ ਕੇ ਅਤੇ ਅੰਨਾ ਡੀ ਐੱਮ ਕੇ ਵੱਲੋਂ ਤਾਮਿਲ ਨਾਡੂ 'ਚ ਲਗਾਤਾਰ ਵਾਅਦੇ ਅਤੇ ਅਣਗਿਣਤ ਕਰਜ਼ ਮਾਫੀਆ, ਜੋ ਹੋਰ ਦੂਸਰੀਆਂ ਪਾਰਟੀਆਂ ਵੱਲੋਂ ਐਲਾਨੀਆਂ ਗਈਆਂ ਹਨ, ਨਿਆਂ ਸੰਗਤ ਪ੍ਰਤੀਤ ਹੁੰਦੀਆਂ ਹਨ। ਜਦੋਂ ਤੁਸੀਂ ਪਾਓਗੇ ਕਿ ਅਜਿਹੇ ਵਾਅਦਿਆਂ ਦਾ ਅਸਲ 'ਚ ਕੀ ਅਰਥ ਹੈ, ਜੋ ਵੋਟਰਾਂ ਨਾਲ ਕੀਤੇ ਜਾਂਦੇ ਹਨ, ਤੁਸੀਂ ਮਹਿਸੂਸ ਕਰੋਗੇ ਕਿ ਖੇਤੀਬਾੜੀ ਕਰਜ਼ਿਆਂ ਨੂੰ ਮੁਆਫੀ ਤੇ ਮੁਫਤ ਦਿੱਤੀਆਂ ਜਾਣ ਵਾਲੀਆਂ ਵਸਤੂਆਂ ਦੇ ਦਰਮਿਆਨ ਸਮੁੰਦਰ ਵਰਗਾ ਵੱਡਾ ਫਰਕ ਹੈ। ਪਾਰਟੀਆਂ ਵੱਲੋਂ ਟੀ ਵੀ ਅਤੇ ਮੁਫਤ ਵੈਕਸੀਨ ਦੇ ਵਾਅਦੇ ਕੀਤੇ ਜਾ ਰਹੇ ਹਨ। ਅਜਿਹੇ ਚੋਣ ਐਲਾਨ ਪੱਤਰ ਵਿੱਚ ਕੀਤੇ ਜਾਂਦੇ ਵਾਅਦੇ ਲੈਣ ਦੇਣ ਲਈ ਹਨ।

ਅਜਿਹੇ ਵਾਅਦਿਆਂ ਨਾਲ ਲੋਕਾਂ ਦੀਆਂ ਵੋਟਾਂ ਨੂੰ ਹਾਸਲ ਕਰਨਾ ਹੁੰਦਾ ਹੈ ਜਿਸ ਵਿੱਚ ਪੈਸਿਆਂ ਦਾ ਕੋਈ ਲੈਣ-ਦੇਣ ਨਹੀਂ। ਬੋਲਚਾਲ ਦੀ ਭਾਸ਼ਾ ਵਿੱਚ ਅਸੀਂ ਇਸ ਨੂੰ 'ਖਰੀਦਣਾ' ਕਹਿ ਸਕਦੇ ਹਾਂ। ਇੱਕ ਪਾਰਟੀ ਇਹ ਕਹਿ ਰਹੀ ਹੈ ਕਿ ਜੇ ਉਨ੍ਹਾਂ ਨੂੰ ਵੋਟ ਦਿੱਤੇ ਗਏ ਤਾਂ ਉਹ ਨਿਸ਼ਚਿਤ ਹੀ ਤੁਹਾਡੇ ਲਈ ਏ, ਬੀ ਅਤੇ ਫਿਰ ਸੀ ਪੈਦਾ ਕਰਨਗੇ। ਮੁਫਤ ਟੀ ਵੀ ਜਾਂ ਕਰਜ਼ ਮੁਆਫੀ ਦੇ ਵਾਅਦੇ ਲੋਕਾਂ ਦੀਆਂ ਭੌਤਿਕ ਲੋੜਾਂ ਨੂੰ ਪੂਰਾ ਕਰਨ ਲਈ ਕੀਤੇ ਜਾਂਦੇ ਹਨ। ਕਈ ਮਹੀਨਿਆਂ ਤੋਂ ਚੱਲਦੀ ਕੋਵਿਡ ਮਹਾਮਾਰੀ ਦੌਰਾਨ ਇੱਕ ਮੁਫਤ ਵੈਕਸੀਨ ਦਾ ਵਾਅਦਾ ਕੀਤਾ ਜਾ ਰਿਹਾ ਹੈ, ਜੋ ਲੋਕਾਂ ਦੇ ਡਰਾਂ ਨੂੰ ਦੂਰ ਕਰਨ ਲਈ ਹੈ। ਲੋਕ ਸਿਰਫ ਨਾ ਆਪਣੇ ਦੇਸ਼, ਸੂਬੇ ਜਾਂ ਫਿਰ ਭਾਈਚਾਰੇ ਲਈ ਨਹੀਂ, ਸਗੋਂ ਆਪਣੀਆਂ ਜ਼ਿੰਦਗੀਆਂ ਲਈ ਸੋਚਦੇ ਹਨ। ਅਜਿਹੇ ਹਾਲਾਤਾਂ ਵਿੱਚ ਕਿਹਾ ਜਾਵੇ ਕਿ ਜੇ ਤੁਸੀਂ ਭਾਜਪਾ ਨੂੰ ਵੋਟ ਨਹੀਂ ਪਾਉਂਦੇ ਤਾਂ ਤੁਹਾਡਾ ਜੀਵਨ ਸੰਕਟ ਵਿੱਚ ਪੈ ਜਾਵੇਗਾ ਤਾਂ ਸੰਕੇਤਕ ਭਾਸ਼ਾ 'ਚ ਇਸ ਨੂੰ ਅਸੀਂ ਸਿਰ ਦੇ ਉਪਰ ਇੱਕ ਬੰਦੂਕ ਰੱਖਣ ਦੇ ਬਰਾਬਰ ਸਮਝਦੇ ਹਾਂ।

ਸਭ ਤੋਂ ਬੁਰੀ ਗੱਲ ਇਹ ਪ੍ਰਤੀਤ ਹੁੰਦੀ ਹੈ ਕਿ ਇਹ ਵਾਅਦਾ ਉਸ ਪਾਰਟੀ ਨੇ ਕੀਤਾ ਹੈ, ਜੋ ਸਾਰੇ ਦੇਸ਼ 'ਤੇ ਹੀ ਰਾਜ ਕਰ ਰਹੀ ਹੈ। ਭਾਜਪਾ ਨਾ ਸਿਰਫ ਵਚਨਬੱਧ ਹੈ, ਸਗੋਂ ਹਰ ਨਾਗਰਿਕ ਲਈ ਬਿਹਤਰ ਕਰਨ ਲਈ ਪਾਬੰਦ ਹੈ। ਇਸ ਸਮੇਂ ਹਰ ਨਾਗਰਿਕ ਕੋਵਿਡ ਨਾਲ ਸਹਿਮਿਆਂ ਹੋਇਆ ਹੈ ਅਤੇ ਇੱਕ ਵੈਕਸੀਨ ਲਈ ਉਤਸੁਕ ਹੈ। ਵਧੇਰੇ ਲੋਕ ਨਾ ਸਿਰਫ ਇਸ ਦੀ ਆਸ ਕਰ ਰਹੇ ਹਨ, ਸਗੋਂ ਇੱਕ ਮੁਫਤ ਵੈਕਸੀਨ ਦੇ ਉਪਰ ਨਿਰਭਰ ਹੋ ਰਹੇ ਹਨ। ਅਜੇ ਤੱਕ ਭਾਜਪਾ ਨੇ ਮੁਫਤ ਵੈਕਸੀਨ ਦਾ ਵਾਅਦਾ ਸਿਰਫ ਬਿਹਾਰ ਦੇ ਲੋਕਾਂ ਨਾਲ ਕੀਤਾ ਹੈ।

ਮੈਨੂੰ ਇੱਕ ਕਦਮ ਹੋਰ ਅੱਗੇ ਵੱਧਣਾ ਹੋਵੇਗਾ ਕਿ 1945 ਦੀਆਂ ਚੋਣਾਂ ਵਿੱਚ ਬ੍ਰਿਟਿਸ਼ ਲੇਬਰ ਪਾਰਟੀ ਨੇ ਨੈਸ਼ਨਲ ਹੈਲਥ ਸਕੀਮ ਦਾ ਵਾਅਦਾ ਕੀਤਾ ਅਤੇ 2020 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਇੱਕ ਮੁਫਤ ਵੈਕਸੀਨ ਦਾ ਵਾਅਦਾ ਕਰ ਚੁੱਕੀ ਹੈ। ਇਨ੍ਹਾਂ ਦੋਵਾਂ ਵਿੱਚ ਮਹੱਤਵ ਪੂਰਨ ਫਰਕ ਹੈ। ਸਾਲ 1945 ਵਿੱਚ ਉਥੇ ਕੋਈ ਮਹਾਮਾਰੀ ਨਹੀਂ ਸੀ। ਨਿਸ਼ਚਿਤ ਤੌਰ 'ਤੇ ਇਹ ਇੱਕ ਸਦੀ ਲਈ ਸਭ ਤੋਂ ਭਿਆਨਕ ਗੱਲ ਨਹੀਂ ਸੀ। ਲੱਖਾਂ ਲੋਕ ਇਨਫੈਕਟਿਡ ਨਹੀਂ ਹੋਏ ਸਨ। ਹਜ਼ਾਰਾਂ ਲੋਕ ਭੁੱਖ ਨਾਲ ਮਰ ਨਹੀਂ ਰਹੇ ਸਨ। ਨੈਸ਼ਨਲ ਹੈਲਥ ਸਕੀਮ ਨੇ ਇੱਕ ਅਜਿਹੇ ਸਿਸਟਮ ਨੂੰ ਜਨਮ ਦਿੱਤਾ ਜਿਸ ਨਾਲ ਲੰਮੇ ਸਮੇਂ ਤੱਕ ਸੋਚੀ ਜਾਣ ਵਾਲੀ ਜ਼ਰੂਰਤ ਤੋਂ ਪਾਰ ਪਾਇਆ ਜਾ ਸਕਦਾ ਸੀ।

ਜਿੱਥੋਂ ਤੱਕ ਵੈਕਸੀਨ ਦਾ ਸਵਾਲ ਹੈ, ਇਹ ਲੋਕਾਂ ਦੀ ਤਤਕਾਲ ਲੋੜ ਹੈ। ਨੈਸ਼ਨਲ ਹੈਲਥ ਸਕੀਮ ਦੀ ਉਡੀਕ ਵਿੱਚ ਬ੍ਰਿਟਿਸ਼ ਲੋਕਾਂ ਨੇ ਆਪਣੀ ਜ਼ਿੰਦਗੀ ਗੁਜ਼ਾਰ ਦਿੱਤੀ ਤੇ ਜੇ ਉਨ੍ਹਾਂ ਨੂੰ ਲੋੜ ਪੈਂਦੀ ਤਾਂ ਇਸ ਦੇ ਲਈ ਹੋਰ ਲੰਮੀ ਉਡੀਕ ਕਰ ਸਕਦੇ ਸਨ। ਭਾਰਤ ਵਿੱਚ ਨਿਸ਼ਚਿਤ ਤੌਰ 'ਤੇ ਵਧੇਰੇ ਲੋਕ ਮਰ ਜਾਣਗੇ, ਜੇ ਇਹ ਮਹਾਮਾਰੀ ਤੇਜ਼ੀ ਨਾਲ ਫੈਲਦੀ ਗਈ ਤਾਂ। ਲੋਕ ਇੱਕ ਵੈਕਸੀਨ ਨੂੰ ਜੁਟਾ ਨਹੀਂ ਸਕਦੇ।

# ਸੋਲ਼ਾਂ ਸੌ ਰੁਪਏ ਵਾਲ਼ੀ ਦਵਾਈ

-ਅਮਰੀਕ ਸਿੰਘ ਦਿਆਲ




ਕੋਈ ਵੇਲ਼ਾ ਹੁੰਦਾ ਸੀ, ਸਾਡੇ ਕੰਢੀ ਖੇਤਰ ਵਿੱਚ ਕੁਦਰਤੀ ਖੇਤੀ ਹੁੰਦੀ ਸੀ ਅਤੇ ਸਿਰਫ ਖੇਤੀ ਹੀ ਨਹੀਂ, ਸਭ ਕੁਝ ਕੁਦਰਤੀ ਹੁੰਦਾ ਸੀ। ਇਸ ਖੇਤਰ ਵਿੱਚ ਪਾਣੀ ਦੀ ਕਿੱਲਤ ਮੁੱਢ-ਕਦੀਮ ਤੋਂ ਹੈ ਪਰ ਤਰਸੇਵੇਂ ਨਾਲ ਹਾਸਲ ਕੀਤੇ ਪਾਣੀ ਦੀ ਯੋਗ ਵਰਤੋਂ ਦੇ ਕਹਿਣੇ ਹੀ ਕੀ! ਲੋਕ ਉਦੋਂ ਪਾਣੀ ਦੂਰ-ਦੁਰਾਡੇ ਚੋਆਂ ਵਾਲੇ ਖੂਹਾਂ ਤੋਂ ਘੜਿਆਂ ਰਾਹੀਂ ਲਿਆਉਂਦੇ। ਪਾਣੀ ਨੂੰ ਘਿਓ ਤੋਂ ਕੀਮਤੀ ਸਮਝ ਕੇ ਵਰਤਿਆ ਜਾਂਦਾ। ਪੀਣ ਲਈ ਸਾਂਝੇ ਪਾਣੀ ਤੋਂ ਇਲਾਵਾ ਸਭ ਤੋਂ ਪਹਿਲਾਂ ਵਾਣ ਵਾਲੇ ਮੰਜੇ ਉਤੇ ਬਿਠਾ ਕੇ ਜੁਆਕਾਂ ਨੂੰ ਨਹਾਇਆ ਜਾਂਦਾ ਤੇ ਹੇਠਾਂ ਪਾਣੀ ਸਾਂਭਣ ਲਈ ਪਰਾਤ ਰੱਖ ਲਈ ਜਾਂਦੀ। ਉਦੋਂ ਨਹਾਉਣ ਲਈ ਵੱਖ-ਵੱਖ ਤਰ੍ਹਾਂ ਦੇ ਸਾਬਣ ਹਾਲੇ ਹੱਟੀਆਂ ਤੱਕ ਨਹੀਂ ਸੀ ਅੱਪੜੇ। ਪਰਾਤ ਵਿੱਚ ਸਾਂਝੇ ਪਾਣੀ ਨਾਲ ਸੋਢੇ ਨਾਲ ਕੱਪੜੇ ਧੋਤੇ ਜਾਂਦੇ। ਕੱਪੜਿਆਂ ਤੋਂ ਬਚੇ ਤੇ ਨਿਚੋੜੇ ਪਾਣੀ ਨੂੰ ਸਾਂਭ ਕੇ ਉਸ ਨਾਲ ਕੱਚੇ ਘਰ ਅਤੇ ਵਿਹੜੇ ਦੀ ਲਿਪਾਈ ਕੀਂ ਜਾਂਦੀ। ਨਾ ਨਾਲ਼ੀਆਂ ਦੀ ਹੋਂਦ ਸੀ ਅਤੇ ਨਾ ਮੱਛਰ ਦੀ ਭੀਂ-ਭੀਂ। ਪਾਣੀ ਦੀ ਬੂੰਦ ਵਿਅਰਥ ਜਾਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਇਸੇ ਤਰ੍ਹਾਂ ਖੇਤੀਬਾੜੀ ਵਿੱਚ ਕੁਦਰਤ ਦਾ ਪੂਰਾ ਜਲੌਅ ਸੀ। ਅੱਜਕੱਲ੍ਹ ਕੁਦਰਤੀ ਖੇਤੀ ਬਾਰੇ ਕਾਫ਼ੀ ਪ੍ਰਚਾਰ ਪੜ੍ਹਨ/ ਸੁਣਨ ਨੂੰ ਮਿਲਦਾ ਹੈ। ਉਨ੍ਹਾਂ ਵਕਤਾਂ ਵਿੱਚ ਇਹ ਸਭ ਸੌ ਫੀਸਦੀ ਲਾਗੂ ਸੀ। ਟੱਬਰ ਦੇ ਸਾਰੇ ਜੀਅ ਕੰਮ ਕਰਦੇ ਸਨ। ਜੇ ਘਰ ਦਾ ਕੋਈ ਜੀਅ ਪੜ੍ਹਨ ਜਾਂ ਨੌਕਰੀ ਪੇਸ਼ੇ ਲਈ ਬਾਹਰ ਜਾਂਦਾ, ਤਾਂ ਵੀ ਘਰ ਦਾ ਕੰਮ ਉਸ ਦਾ ਨਿੱਤ-ਨੇਮ ਹੁੰਦਾ ਸੀ। ਮੈਨੂੰ ਯਾਦ ਹੈ ਕਿ ਬਰਾਨੀ ਖੇਤੀ ਵਿੱਚ ਮੱਕੀ ਦੇ ਵੱਢਾਂ ਵਿੱਚ ਹਾਲ਼ੀਆਂ ਦੇ ਪਿੱਛੇ ਸਿਆੜਾਂ ਤੋਂ ਉਠਦੀਆਂ ਢੀਮਾਂ ਕੁਹਾੜੇ ਨੂੰ ਪੁੱਠਾ ਕਰ ਕੇ ਜਾਂ ਥਾਪੀਆਂ ਨਾਲ ਭੰਨੀਆਂ ਜਾਂਦੀਆਂ। ਸੁਹਾਗਾ ਦੇਣ ਤੋਂ ਬਾਅਦ ਮਿੱਟੀ ਦਾ ਸੁਰਮਾ ਬਣ ਜਾਂਦਾ ਅਤੇ ਅਗਲੀ ਫਸਲ ਲਈ ਖੇਤ ਦੀ ਗਿੱਲ ਸੰਭਾਲ ਲਈ ਜਾਂਦੀ। ਬਾਹਲੇ ਕਰੜੇ ਖੇਤਾਂ ਨੂੰ ਸਹਾਗਣ ਵੇਲੇ ਦੋ ਦੋ ਜੁਆਕ ਸੁਹ-ਾਗੇ 'ਤੇ ਬਿਠਾ ਲਏ ਜਾਂਦੇ। ਕਈ ਜੁਆਕ ਸੁਹਾਗੇ ਦੇ ਝੂਟਿਆਂ ਜੇ ਲਾਲਚ ਵਿੱਚ ਕਈ ਕਈ ਘੰਟੇ ਢੀਮਾਂ ਭੰਨਦੇ ਰਹਿੰਦੇ। ਮੱਕੀ ਬੀਜਣ ਤੋਂ ਪਹਿਲਾਂ ਖੇਤਾਂ ਨੂੰ ਹੱਥੀਂ ਚੁਗ ਸੁਆਰ ਲਿਆ ਜਾਂਦਾ। ਬੀਜਣ ਪਿੱਛੋਂ ਕਿਸੇ ਵੀ ਨਦੀਨ ਨਾਸ਼ਕ ਦਾ ਛਿੜਕਾਅ ਨਹੀਂ ਸੀ ਕੀਤਾ ਜਾਂਦਾ। ਸਾਰਾ ਸਾਰਾ ਟੱਬਰ ਗੁਡਾਈ ਕਰਨ ਬੈਠਦਾ। ਖੇਤਾਂ ਵਿੱਚੋਂ ਭਿੰਨੀ ਭਿੰਨੀ ਖ਼ੁਸ਼ਬੋ ਉਠਦੀ। ਬਲਦਾਂ ਦੇ ਗਲਾਂ ਟੱਲੀਆਂ ਰਾਗ ਛੇੜਦੀਆਂ। ਹਾਲ਼ੀਆਂ ਦੀ ਆਵਾਜ਼ 'ਪੈਰ ਮੁੜਿਆ ਪੈਰ ਮੁੜਿਆ, ਚੱਲ ਮੇਰਾ ਬੱਗਾ ਸ਼ੇਰ, ਸਦਕੇ ਤੇਰੇ' ਬਲਦਾਂ ਦੀਆਂ ਜੋੜੀਆਂ ਨੂੰ ਜਿਵੇਂ ਹੌਸਲਾ ਦਿੰਦੀ। ਗੁਆਂਢੀ ਖੇਤਾਂ ਵਾਲੇ ਘਰੋਂ ਆਈ ਚਾਹ ਤੇ ਰੋਟੀ ਲਈ ਇੱਕ-ਦੂਜੇ ਨੂੰ ਆਵਾਜ਼ਾਂ ਮਾਰਦੇ। ਅੰਬਾਂ ਅਤੇ ਟਾਹਲੀਆਂ ਦੀ ਠੰਢੀ ਛਾਂ ਹੇਠ ਖਾਣੇ ਦਾ ਆਨੰਦ ਹੀ ਵੱਖਰਾ ਸੀ। ਹਾਲੀ ਤੇ ਕਾਮੇ ਮੁੜ ਮੁੜ ਭੱਤਾ ਅਤੇ ਚਾਹ ਲੈ ਕੇ ਆਉਂਦੀਆਂ ਸੁਆਣੀਆਂ ਦਾ ਰਾਹ ਤੱਕਦੇ ਪ੍ਰਤੀਤ ਹੁੰਦੇ। ਉਹ ਵੇਲੇ ਬੀਤੇ ਦੀਆਂ ਬਾਤਾਂ ਬਣ ਕੇ ਰਹਿ ਗਏ ਹਨ।


ਸਭ ਕੁਝ ਬਦਲ ਗਿਆ ਹੈ। ਸ਼ੁਰੂ ਸ਼ੁਰੂ ਵਿੱਚ ਲੋਕਾਂ ਨੇ ਇੱਕ ਹਲਕੀ ਜਿਹੀ ਨਦੀਨ ਨਾਸ਼ਕ ਦਵਾਈ ਦਾ ਛਿੜਕਾਅ ਸ਼ੁਰੂ ਕੀਤਾ। ਇੱਕ ਵਾਰ ਨਾਲ ਕੰਮ ਚਲ ਜਾਂਦਾ ਅਤੇ ਫ਼ਸਲ ਸਿਰੇ ਚੜ੍ਹ ਜਾਂਦੀ ਸੀ। ਇਹ ਕਹਿ ਲਓ ਕਿ ਜਾਂ ਨਦੀਨ ਨਾਸ਼ਕ ਦਵਾਈ ਦਾ ਜ਼ੋਰ ਸੀ ਜਾਂ ਖੇਤ ਹਾਲੇ ਛਿੜਕਾਅ ਦੇ ਆਦੀ ਨਹੀਂ ਸਨ ਹੋਏ। ਪਹਿਲਾਂ ਇੱਕਾ-ਦੁੱਕਾ ਕਿਸਾਨ ਇਹ ਦਵਾਈ ਵਰਤਦੇ ਸਨ। ਫਿਰ ਦੇਖਾ-ਦੇਖੀ ਸਾਰਿਆਂ ਨੂੰ ਲੋੜ ਮਹਿਸੂਸ ਹੋਣ ਲੱਗੀ। ਗੁਡਾਈ ਜਿਵੇਂ ਉਨ੍ਹਾਂ ਨੂੰ ਬੋਝਲ ਅਤੇ ਫ਼ਜ਼ੂਲ ਕੰਮ ਜਾਪਣ ਲੱਗ ਪਿਆ। ਇਸ ਵਰਤਦੇ ਨੂੰ ਕਰੀਬ ਦੋ ਦਹਾਕੇ ਬੀਤ ਗਏ ਹਨ।

ਪਿਛਲੇ ਸਾਲਾਂ ਤੋਂ ਛਿੜਕੀ ਜਾਂਦੀ ਦਵਾਈ ਕੰਮ ਕਰਨ ਤੋਂ ਹਟ ਗਈ ਹੈ। ਕਿਸਾਨਾਂ ਦੇ ਮੂੰਹੋਂ ਨਵਾਂ ਸ਼ਬਦ ਸੁਣਨ ਨੂੰ ਮਿਲ ਰਿਹਾ ਹੈ, ਸੋਲਾਂ ਸੌ ਰੁਪਏ ਵਾਲੀ ਦਵਾਈ। ਵਰਤਣ ਵਾਲਿਆਂ ਅਨੁਸਾਰ ਇਹ ਦਵਾਈ ਨਦੀਨਾਂ ਨੂੰ ਜਲਦ ਖਤਮ ਕਰ ਦਿੰਦੀ ਹੈ। ਮਾਹਰਾਂ ਅਨੁਸਾਰ ਭਾਵੇਂ ਇਹ ਮਨੁੱਖੀ ਸਿਹਤ ਲਈ ਚੰਗੀ ਨਹੀਂ, ਪਰ ਇਸ ਦੀ ਵਰਤੋਂ ਕਾਫ਼ੀ ਵਧ ਗਈ ਹੈ। ਜੇ ਕੋਈ ਸਿਹਤ ਜਾਂ ਵਾਤਾਵਰਨ ਨੂੰ ਮੁੱਖ ਰੱਖ ਕੇ ਗੁਡਾਈ ਕਰਨ ਦੀ ਹਿੰਮਤ ਜੁਟਾਉਂਦਾ ਹੈ ਤਾਂ ਚਾਰ ਬੰਦੇ ਜ਼ੋਰ ਨਾਲ ਇਹ ਕਹਿ ਕੇ ਉਸ ਦਾ ਮੂਡ ਬਦਲ ਦਿੰਦੇ ਹਨ, ''ਛੱਡ ਪਰ੍ਹਾਂ, ਸੋਲਾਂ ਸੌ ਰੁਪਏ ਵਾਲੀ ਦੁਆਈ ਪਾ ਦੇ।'' ਸੋਲਾਂ ਸੌ ਰੁਪਏ ਵਾਲੀ ਦਵਾਈ ਨਦੀਨਾਂ ਦਾ ਰੰਗ ਹਰੇ ਤੋਂ ਸਫੈਦ ਕਰ ਦਿੰਦੀ ਹੈ। ਇਹ ਦਵਾਈ ਪਾਉਣ ਤੋਂ ਬਾਅਦ ਮੱਕੀ ਦੀ ਫ਼ਸਲ ਅਤੇ ਨਦੀਨ ਅਲੱਗ ਅਲੱਗ ਦਿਖਾਈ ਦੇਣ ਲੱਗ ਪੈਂਦੇ ਹਨ ਤੇ ਫਿਰ ਨਦੀਨ ਖਤਮ ਹੋ ਜਾਂਦੇ ਹਨ। ਇਹ ਸਵਾਲ ਮੇਰਾ ਪਿੱਛਾ ਕਰ ਰਿਹਾ ਹੈ ਕਿ ਸਾਡੇ ਦੇਸ਼ ਵਿਚਲੇ ਨਦੀਨ ਰੂਪੀ ਭ੍ਰਿਸ਼ਟਾਚਾਰੀਆਂ ਲਈ ਅਜਿਹੀ ਦਵਾਈ ਕਦੋਂ ਬਣੇਗੀ!


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



# ਸੇਵਾ ਤੇ ਸੂਰਮਗਤੀ ਦਾ ਸਿਖਰ: ਭਗਤ ਪੂਰਨ ਸਿੰਘ

-ਡਾ. ਰੂਪ ਸਿੰਘ

ਤਿੰਨ ਜੂਨ 1904 ਈ. ਨੂੰ ਪਿੰਡ ਰਾਜੇਵਾਲ ਤਸੀਲ, ਸਮਰਾਲਾ, ਜ਼ਿਲਾ ਲੁਧਿਆਣਾ ਦੇ ਹਿੰਦੂ ਪਰਵਾਰ ਵਿੱਚ ਪੈਦਾ ਹੋਏ ਰਾਮਜੀ ਦਾਸ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਪੂਰਨ ਸਿੰਘ ਹੋ ਗਏ। ਦਸਵੀਂ ਜਮਾਤ ਦੀ ਪੜ੍ਹਾਈ ਲੁਧਿਆਣਾ ਜ਼ਿਲੇ ਦੇ ਕਸਬਾ ਖੰਨਾ ਤੋਂ ਪ੍ਰਾਪਤ ਕੀਤੀ। ਫੇਲ੍ਹ ਹੋ ਜਾਣ 'ਤੇ ਖਾਲਸਾ ਹਾਈ ਸਕੂਲ ਲਾਹੌਰ ਵਿੱਚ ਦਾਖਲ ਹੋ ਗਏ। ਲਾਹੌਰ ਵਿੱਚ ਉਨ੍ਹਾਂ ਦੀ ਮਾਤਾ ਭਾਂਡੇ ਮਾਂਜਣ ਦੀ ਸੇਵਾ ਕਰਿਆ ਕਰਦੀ ਸੀ। ਸਕੂਲ ਦੀ ਪੜ੍ਹਾਈ ਸਮੇਂ ਅਕਸਰ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਸ਼ਨ ਕਰਨ ਜਾਂਦੇ। ਇਹ ਗੱਲ 1932 ਈਸਵੀ ਦੀ ਹੈ, ਜਦ ਪੂਰਨ ਸਿੰਘ ਆਪਣੇ ਜੀਵਨ ਆਦਰਸ਼ ਦੀ ਪ੍ਰਾਪਤੀ ਬਾਰੇ ਗੁਰਦੁਆਰਾ ਸਾਹਿਬ ਦੇ ਮਹੰਤ ਗੋਪਾਲ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਪ੍ਰਬੰਧਕਾਂ ਪਾਸ ਗਿਆ ਤੇ ਉਨ੍ਹਾਂ ਨੇ ਕਿਹਾ ਕਿ ਇਹ ਨੌਜਵਾਨ ਆਪਣਾ ਜੀਵਨ ਬੇ-ਸਹਾਰਾ, ਪਾਗਲਾਂ, ਲੂਲ੍ਹਿਆਂ-ਲੰਗੜਿਆਂ, ਪਿੰਗਲਿਆਂ ਦੀ ਸੇਵਾ ਨੂੰ ਸਮਰਪਿਤ ਕਰਨਾ ਚਾਹੁੰਦਾ ਹੈ। ਪ੍ਰਬੰਧਕਾਂ ਦੇ ਪੁੱਛਣ 'ਤੇ ਕਿ ਇਹ ਵਿਚਾਰ ਤੁਹਾਡੇ ਮਨ ਵਿੱਚ ਕਿਵੇਂ ਆਇਆ, ਪੂਰਨ ਸਿੰਘ ਨੇ ਕਿਹਾ ਕਿ ਉਹ ਇਕ ਹਿੰਦੂ ਪਰਵਾਰ ਵਿੱਚੋਂ ਹੈ, ਉਨ੍ਹਾਂ ਦੇ ਮਾਤਾ ਜੀ ਧਾਰਮਿਕ ਬਿਰਤੀ ਰੱਖਦੇ ਹੋਏ ਹਮੇਸ਼ਾ ਰਾਹਗੀਰਾਂ, ਲੋੜਵੰਦਾਂ ਦੀ ਜਲ ਪਾਣੀ ਨਾਲ ਸੇਵਾ ਕਰਦੀ ਹੈ ਅਤੇ ਰੋਜ਼ਾਨਾ ਜਪੁਜੀ ਸਾਹਿਬ ਦਾ ਪਾਠ ਨੇਮ ਨਾਲ ਕਰਦੀ ਹੈ, ਜਿਸ 'ਤੇ ਉਨ੍ਹਾਂ ਨੇ ਕਾਲਜ ਦੀ ਪੜ੍ਹਾਈ ਦੀ ਥਾਂ ਇਹ ਪੜ੍ਹਾਈ' ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਕਿਹਾ ਕਿ ਉਹ ਆਪਣਾ ਜੀਵਨ ਲੋੜਵੰਦ ਦੁਖੀਆਂ ਦੀ ਮਦਦ ਕਰਨ ਨੂੰ ਸਮਰਪਣ ਕਰਨਾ ਚਾਹੁੰਦੇ ਹਨ। ਇਸ ਦੀ ਪ੍ਰਾਪਤੀ ਲਈ ਆਪਾ ਤਿਆਗ ਕੇ ਗੁਰਦੁਆਰਾ ਸਾਹਿਬ ਵਿਖੇ ਰਹਿ ਕੇ ਸੇਵਾ, ਸਿਮਰਨ, ਪਰਉਪਕਾਰ ਦੀ ਸਿੱਖਿਆ ਲੈਣੀ ਚਾਹੁੰਦੇ ਹਨ। ਇਹ ਉਚ ਵਿਚਾਰ ਸੁਣਦਿਆਂ ਹੀ ਪ੍ਰਬੰਧਕਾਂ ਨੇ ਪੂਰਨ ਸਿੰਘ ਦੇ ਖਾਣ ਪੀਣ ਅਤੇ ਰਹਿਣ ਸਹਿਣ ਦਾ ਪ੍ਰਬੰਧ ਕਰ ਦਿੱਤਾ।

ਇਹ ਅਰੰਭ ਸੀ ਉਸ ਆਦਰਸ਼ ਦਾ, ਜਿਸ ਦੀ ਪ੍ਰਾਪਤੀ ਲਈ ਪੂਰਨ ਸਿੰਘ ਘਰੋਂ ਤੁਰਿਆ ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਜਲ ਪਾਣੀ, ਲੰਗਰ, ਸਫਾਈ, ਬਰਤਨਾਂ ਦੀ ਨਿਤ ਪ੍ਰਤੀ ਸੇਵਾ ਕਰ ਕੇ ਪੂਰਨ ਸਿੰਘ ਬਾਜ਼ਾਰ ਵਿੱਚ ਘੁੰਮਣ ਨਿਕਲ ਤੁਰਦਾ। ਮੁੱਖ ਨਿਸ਼ਾਨਾ ਸੜਕਾਂ ਤੋਂ ਸ਼ੀਸ਼ੇ ਪੱਥਰ, ਰੋੜੇ, ਕਿਲ ਕਾਂਟੇ ਲਾਂਭੇ ਕਰਨਾ ਸੀ ਤਾਂ ਕਿ ਰਾਹੀਆਂ ਨੂੰ ਕਸ਼ਟ ਨਾ ਪਹੁੰਚੇ। ਫਿਰ ਲਾਇਬ੍ਰੇਰੀ ਬੈਠ ਕੇ ਉਚ ਖਿਆਲਾਂ ਨੂੰ ਪੜ੍ਹਨਾ ਲਿਖਣਾ ਤੇ ਪ੍ਰਚਾਰ ਹਿਤ ਵੰਡਣਾ ਪੂਰਨ ਸਿੰਘ ਦਾ ਨਿਤ ਦਾ ਕਾਰਜ ਸੀ। ਸਾਲ 1934 ਈ. ਵਿੱਚ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਸ਼ਨੀ ਡਿਊੜੀ 'ਤੇ ਕੋਈ ਨਿਰਦਈ ਦਿਲ ਇਕ ਚਾਰ ਕੁ ਸਾਲ ਦਾ ਪਿੰਗਲਾ ਤੇ ਗੂੰਗਾ ਬੱਚਾ ਛੱਡ ਗਿਆ। ਪੂਰਨ ਸਿੰਘ ਨੇ ਉਸ ਨੂੰ ਗੋਦ ਲੈ ਕੇ ਸੰਭਾਲ ਸ਼ੁਰੂ ਕਰ ਦਿੱਤੀ, ਪਰ ਆਪਣੀ ਨਿਤ ਦੀ ਕਿਰਤ ਵੀ ਜਾਰੀ ਰੱਖੀ। ਲਗਭਗ 14 ਸਾਲ ਉਸ ਬੱਚੇ ਦੀ ਸੰਭਾਲ ਕਰਦੇ ਰਹੇ ਅਤੇ ਦੇਸ਼ ਵੰਡ ਸਮੇਂ 'ਪਿੰਗਲੇ' ਨੂੰ ਵਿਰਾਸਤੀ ਪੂੰਜੀ ਵਜੋਂ ਨਾਲ ਲੈ ਕੇ ਅੰਮ੍ਰਿਤਸਰ ਆ ਗਏ।

ਭਗਤ ਪੂਰਨ ਸਿੰਘ ਜੀ ਦੇ ਲਿਖਣ ਅਨੁਸਾਰ 'ਦੇਸ਼ ਵੰਡ ਸਮੇਂ ਮੈਂ ਆਪਣੇ ਨਾਲ ਇਕ ਰੁਪਇਆ, ਪੰਜ ਆਨੇ ਲੈ ਕੇ ਆਇਆਂ ਸਾਂ, ਕਛਹਿਰਾ ਮੈਂ ਪਹਿਨਿਆ ਹੋਇਆ ਸੀ ਤੇ ਫੁਲਕਾਰੀ ਮੇਰੇ ਪਿੰਡੇ 'ਤੇ ਸੀ। ਇਸ ਤੋਂ ਇਲਾਵਾ ਮੇਰੇ ਕੋਲ ਇਕ ਲੋਹੇ ਦਾ ਬਾਟਾ, ਦੋ ਵੱਡੀਆਂ ਕਾਪੀਆਂ, ਦੋ ਅੰਗਰੇਜ਼ੀ ਰਸਾਲੇ ਅਤੇ ਲੂਲ੍ਹਾ ਮੇਰੀ ਪਿੱਠ ਉਤੇ ਸੀ।' ਉਨ੍ਹਾਂ ਦਾ ਇਸ ਪਿੰਗਲੇ ਲੂਲ੍ਹੇ ਬੱਚੇ ਨਾਲ ਕਿਤਨਾ ਪਿਆਰ ਸੀ, ਉਨ੍ਹਾਂ ਦੀ ਜ਼ੁਬਾਨੀ ਜਿਗਰ ਦਾ ਟੁਕੜਾ ਲੂਲ੍ਹਾ ਬੱਚਾ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਹਾਰਾ ਰਿਹਾ, ਉਹ ਜੇ ਮੈਨੂੰ ਨਾ ਮਿਲਦਾ ਤਾਂ ਮੈਂ ਉਹ ਕੁਝ ਨਾ ਕਰ ਸਕਦਾ, ਜੋ ਪਿੰਗਲਵਾੜੇ ਦੇ ਰੂਪ ਵਿੱਚ ਕੀਤਾ ਹੈ ਅਤੇ ਦੁਨੀਆ ਦਾ ਪਿਆਰ ਅਤੇ ਸਤਿਕਾਰ ਜਿੱਤਿਆ ਹੈ।



ਸ਼ਰਨਾਰਥੀ ਕੈਂਪ ਖਤਮ ਹੋ ਜਾਣ 'ਤੇ ਭਗਤ ਪੂਰਨ ਸਿੰਘ ਨੇ ਰੇਲਵੇ ਸਟੇਸ਼ਨ 'ਤੇ ਕੁਝ ਸਮੇਂ ਲਈ ਨਿਵਾਸ ਕੀਤਾ ਤੇ ਫਿਰ ਕੁਝ ਸਮਾਂ ਦਰਖੱਤਾਂ ਦੀ ਛੱਤ ਹੇਠ ਗੁਜ਼ਾਰਿਆ। ਸਹਿਜੇ-ਸਹਿਜੇ ਭਗਤ ਪੂਰਨ ਸਿੰਘ ਦੇ ਪਰਵਾਰਕ ਮੈਂਬਰਾਂ ਦੀ ਗਿਣਤੀ ਵਧਦੀ ਗਈ, ਜਿਸ ਲਈ ਕਿਸੇ ਪੱਕੇ ਟਿਕਾਣੇ ਦੀ ਲੋੜ ਸੀ, ਜਿਥੇ ਟਿਕ ਕੇ ਇਨ੍ਹਾਂ ਲਵਾਰਸਾਂ ਅਪਾਹਜਾਂ ਦੀ ਸੇਵਾ ਸੰਭਾਲ ਤੇ ਇਲਾਜ ਦਾ ਪ੍ਰਬੰਧ ਹੋ ਸਕੇ। ਇਸ ਸਮੇਂ ਇਨ੍ਹਾਂ ਦਾ ਨਿਵਾਸ ਇਕ ਬੰਦ ਪਏ ਸਿਨੇਮੇ ਦੀ ਇਮਾਰਤ ਵਿੱਚ ਸੀ। ਉਸ ਸਿਨੇਮੇ ਦੀ ਬੋਲੀ 35000 ਰੁਪਏ ਹੋ ਗਈ। ਭਗਤ ਜੀ ਕੋਲ ਜਮ੍ਹਾਂ ਪੂੰਜੀ ਕੋਈ ਹੈ ਨਹੀਂ ਸੀ, ਜਿਸ ਨਾਲ ਇਮਾਰਤ ਖਰੀਦੀ ਜਾਂਦੀ। ਸਹਿਯੋਗ ਵੱਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਚੱਲ ਰਹੀ ਸੀ, ਭਗਤ ਜੀ ਨੇ ਕਮੇਟੀ ਮੈਂਬਰਾਂ ਨੂੰ ਸਥਿਤੀ ਤੋਂ ਜਾਣੂ ਕਰਾਇਆ ਕਿ ਇਸ ਵੇਲੇ ਸਾਨੂੰ ਇਮਾਰਤ ਦੀ ਸਖਤ ਜ਼ਰੂਰਤ ਹੈ, ਜਿਸ ਲਈ ਘੱਟੋ-ਘੱਟ 50000 ਰੁਪਏ ਦੀ ਲੋੜ ਹੈ, ਜੋ ਮੈਂ ਇਕੱਠੀ ਨਹੀਂ ਕਰ ਸਕਦਾ। ਭਗਤ ਜੀ ਦੇ ਵਿਚਾਰ ਸੁਣ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਮਾਇਆ ਦੇਣ ਦਾ ਬਹੁ ਪਰਉਪਕਾਰੀ ਫੈਸਲਾ ਕਰ ਦਿੱਤਾ, ਜਿਸ ਨਾਲ ਪਿੰਗਲਵਾੜੇ ਦੀ ਵਿਸ਼ਾਲ ਇਮਾਰਤ ਦਾ ਆਰੰਭ ਹੋਇਆ। ਭਗਤ ਪੂਰਨ ਸਿੰਘ ਦੇ ਸੇਵਾ ਕਾਰਜਾਂ ਲਈ ਭਾਰਤ ਸਰਕਾਰ ਵੱਲੋਂ ਭਗਤ ਜੀ ਨੂੰ 'ਪਦਮ ਸ੍ਰੀ' ਨਾਲ ਸਨਮਾਨਿਤ ਕੀਤਾ ਗਿਆ, ਪਰ ਭਗਤ ਜੀ ਨੇ ਇਹ ਸਨਮਾਨ ਉਸ ਸਮੇਂ ਵਾਪਸ ਕਰ ਦਿੱਤਾ, ਜਦ ਸਰਕਾਰ ਨੇ ਮਾਨਵਤਾ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਫੌਜੀ ਹਮਲੇ ਸਮੇਂ ਭਾਰੀ ਹਾਨੀ ਪਹੁੰਚਾਈ।

## ਵਿਦੇਸ਼ ਭੇਜਣ ਦੇ ਨਾਂਅ ’ਤੇ 9.60 ਲੱਖ ਰੁਪਏ ਦੀ ਠੱਗੀ

ਧਾਰੀਵਾਲ, 2 ਨਵੰਬਰ (ਪੋਸਟ ਬਿਊਰੋ)- ਕੈਨੇਡਾ ਭੇਜਣ ਦੇ ਨਾਂਅ ’ਤੇ 9 ਲੱਖ 60 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਥਾਣਾ ਧਾਰੀਵਾਲ ਪੁਲਸ ਨੇ ਇਕ ਵਿਅਕਤੀ ਵਿਰੁੱਧ ਧਾਰਾ 420, 13 ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ 2014 ਦਾ ਕੇਸ ਦਰਜ ਕੀਤਾ ਹੈ। ਖਜ਼ਾਨ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਘੁੰਮਣ ਕਲਾਂ ਨੇ ਇਨਸਾਫ ਦੀ ਮੰਗ ਕਰਦਿਆਂ ਪੁਲਸ ਅਧਿਕਾਰੀਆਂ ਨੂੰ ਕੁਲਦੀਪ ਕੁਮਾਰ ਪੁੱਤਰ ਅਮਰ ਨਾਥ ਵਾਸੀ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਉਸ (ਖਜਾਨ ਸਿੰਘ) ਨੂੰ ਵਿਦੇਸ਼ ਕੈਨੇਡਾ ਭੇਜਣ ਲਈ 9.60 ਲੱਖ ਰੁਪਏ ਲਏ ਸਨ। ਪੀੜਤ ਨੇ ਦੱਸਿਆ ਕਿ ਕੁਲਦੀਪ ਕੁਮਾਰ ਨੇ ਨਾ ਤਾਂ ਉਸ ਨੂੰ ਕੈਨੇਡਾ ਭੇਜਿਆ ਅਤੇ ਨਾ ਉਸ ਦੇ ਪੈਸੇ ਵਾਪਸ ਕੀਤੇ ਹਨ। ਇਸ ਦੀ ਬਾਅਦ ਵਿੱਚ ਜਾਂਚ ਡੀ ਐਸ ਪੀ ਕੁਲਵਿੰਦਰ ਸਿੰਘ ਵਿਰਕ ਨੇ ਕਰ ਕੇ ਕੁਲਦੀਪ ਕੁਮਾਰ ਵਿਰੁੱਧ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ’ਚ ਮਾਈਨਿੰਗ ਸਾਈਟਾਂ ਨੇੜੇ ਲਗਦੇ ਨੇ ਗੁੰਡਾ ਟੈਕਸ ਵਾਲੇ ਨਾਕੇ: ਸੀ ਬੀ ਆਈ




ਚੰਡੀਗੜ੍ਹ, 2 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਮਾਈਨਿੰਗ ਸਾਈਟਾਂ ਲਾਗੇ ਠੇਕੇਦਾਰਾਂ ਵੱਲੋਂ ਟਰਾਂਸਪੋਰਟਰਾਂ ਕੋਲੋਂ ਵਸੂਲੇ ਜਾਂਦੇ ਗੁੰਡੇ ਟੈਕਸ ਦੀ ਗੱਲ ਸਾਹਮਣੇ ਆਉਣ ਉਤੇ ਸੀ ਬੀ ਆਈ ਵੱਲੋਂ ਕੀਤੀ ਗਈ ਮੁਢਲੀ ਜਾਂਚ ਉਤੇ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਨੇ ਜਾਇੰਟ ਐਕਸ਼ਨ ਟੀਮ ਦੇ ਮੈਂਬਰਾਂ ਨੂੰ ਨੋਟਿਸ ਜਾਰੀ ਕਰ ਕੇ ਕਾਰਵਾਈ ਦਾ ਭੋਗ ਪਾ ਦਿੱਤਾ ਹੈ। ਇਹ ਐਕਸ਼ਨ ਟੇਕਨ ਰਿਪੋਰਟ ਦਾਖ਼ਲ ਕਰਦਿਆਂ ਡਾਇਰੈਕਟਰ ਮਾਈਨਿੰਗ ਰਾਹੁਲ ਭੰਡਾਰੀ ਨੇ ਹਾਈ ਕੋਰਟ ਵਿੱਚ ਦਿੱਤੇ ਜਵਾਬ ਵਿੱਚ ਕਿਹਾ ਹੈ ਕਿ ਕਾਰਵਾਈ ਕੀਤੀ ਜਾ ਚੁੱਕੀ ਹੈ ਤੇ ਅੱਗੇ ਹੋਰ ਜਾਂਚ ਦੀ ਲੋੜ ਨਹੀਂ ਹੈ।

ਸੀ ਬੀ ਆਈ ਨੇ ਆਪਣੀ ਮੁਢਲੀ ਜਾਂਚ ਵਿੱਚ ਕਿਹਾ ਕਿ ਪੁਲਸ ਵੱਲੋਂ ਛਾਪੇਤੋਂ ਪਹਿਲਾਂ ਗੁੰਡਾ ਟੈਕਸ ਦੇ ਨਾਕੇ ਲੱਗੇ ਹੋਏ ਸੀ ਤੇ ਇਸ ਦੀ ਅੱਗੇ ਜਾਂਚ ਲੋੜੀਂਦੀ ਹੈ। ਇਸ ਰਿਪੋਰਟ ’ਤੇ ਹਾਈਕੋਰਟ ਨੇ ਸਰਕਾਰ ਤੋਂ ਕਾਰਵਾਈ ਦੀ ਰਿਪੋਰਟ ਮੰਗੀ ਸੀ ਤੇ ਡਾਇਰੈਕਟਰ ਮਾਈਨਿੰਗ ਵੱਲੋਂ ਜਵਾਬ ਦਾਖ਼ਲ ਕਰਨ ਨੂੰ ਕਿਹਾ ਸੀ। ਰਾਹੁਲ ਭੰਡਾਰੀ ਨੇ ਸੱਤ ਪੰਨਿਆਂ ਦੇ ਜਵਾਬ ਵਿੱਚ ਕਿਹਾ ਕਿ ਰੋਪੜ ਜ਼ਿਲ੍ਹੇ ਵਿੱਚ ਚਲਦੀ ਮਾਈਨਿੰਗ ਲਾਗੇ ਨਾਕਿਆਂ ’ਤੇ ਗੁੰਡਾ ਟੈਕਸ ਵਸੂਲੀ ਦੀ ਪੜਤਾਲ ਲਈ ਜਾਇੰਟ ਐਕਸ਼ਨ ਟੀਮ ਬਣਾਈ ਸੀ ਤੇ ਇਸ ਟੀਮ ਨੇ ਦੋਸ਼ ਝੂਠੇ ਪਾਏ ਸਨ, ਪਰ ਸੀ ਬੀ ਆਈ ਵੱਲੋਂ ਮੁਢਲੀ ਜਾਂਚ ਵਿੱਚ ਨਾਕੇ ਲੱਗੇ ਹੋਣ ਦੀ ਗੱਲ ਸਾਹਮਣੇ ਆਉਣ ’ਤੇ ਹਾਈਕੋਰਟ ਦੇ ਹੁਕਮ ਮੁਤਾਬਕ ਟੀਮ ਦੇ ਮੈਂਬਰਾਂ ਸਬੰਧਤ ਐਸ ਡੀ ਐਮ ਅਤੇ ਡੀ ਐਮ ਪੀ ਤੋਂ ਇਲਾਵਾ ਰੋਪੜ ਦੇ ਜ਼ਿਲ੍ਹਾ ਫ਼ਾਰੈਸਟ ਅਫ਼ਸਰ ਤੇ ਜ਼ਿਲ੍ਹਾ ਮਾਈਨਿੰਗ ਅਫ਼ਸਰ ਦੇ ਨਾਲ ਮੁਹਾਲੀ ਦੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਨੂੰ ਕਾਰਨ ਦਸੋ ਨੋਟਿਸ ਜਾਰੀ ਕੀਤਾ ਹੈ ਅਤੇ ਕਾਰਵਾਈ ਹਿੱਤ ਮੁੱਖ ਸਕੱਤਰ ਨੂੰ ਪੱਤਰ ਭੇਜਿਆ ਜਾ ਚੁੱਕਾ ਹੈ। ਇਸੇ ਤਰ੍ਹਾਂ ਰੋਪੜ ਜ਼ਿਲ੍ਹੇ ਵਿੱਚ ਮਾਈਨਿੰਗ ਨੇੜੇ ਨਾਕਿਆਂ ’ਤੇ ਬੈਠੇ ਠੇਕੇਦਾਰਾਂ ਦੇ ਬੰਦਿਆਂ ਵਿਰੁੱਧ ਕਾਰਵਾਈ ਲਈ ਰੋਪੜ ਦੇ ਐਸ ਐਸ ਪੀ ਨੂੰ ਪੱਤਰ ਲਿਖ ਕੇ 15 ਦਿਨ ਵਿੱਚ ਰਿਪੋਰਟ ਮੰਗੀ ਹੈ।

ਡਾਇਰੈਕਟਰ ਮਾਈਨਿੰਗ ਨੇ ਹਾਈਕੋਰਟ ’ਚ ਦਿੱਤੇ ਜਵਾਬ ਵਿੱਚ ਇਹ ਵੀ ਕਿਹਾ ਹੈ ਕਿ ਪੰਜਾਬ ਦੀਆਂ ਸਾਰੀਆਂ ਸੱਤ ਮਾਈਨਿੰਗ ਸਾਈਟਾਂ ’ਤੇ ਵਾਧੂ ਫ਼ੋਰਸ ਲਾ ਦਿੱਤੀ ਹੈ ਅਤੇ ਇਸ ਤੋਂ ਇਲਾਵਾ ਸਾਬਕਾ ਫ਼ੌਜੀਆਂ ਦੀਆਂ ਡਿਊਟੀਆਂ ਵੀ ਲਾਈਆਂ ਹਨ। ਇਸ ਤੋਂ ਇਲਾਵਾ ਮਾਈਨਿੰਗ ਸਾਈਟਾਂ ਦੀ ਈ ਸਰਵੀਲਾਂਸ ਲਈ ਕੇਂਦਰ ਸਰਕਾਰ ਦੇ ਪੋਰਟਲ ਨਾਲ ਜੋੜ ਦਿੱਤਾ ਗਿਆ ਹੈ ਤੇ ਮਾਈਨਿੰਗ ਖਣਿਜਾਂ ਨੂੰ ਤੋਲਣ ਦੀ ਵੀ ਵਿਵਸਥਾ ਕੀਤੀ ਗਈ ਹੈ। ਇਨ੍ਹਾਂ ਤੱਥਾਂ ਨਾਲ ਸਰਕਾਰ ਨੇ ਕਿਹਾ ਹੈ ਕਿ ਪਟੀਸ਼ਨਰ ਦੀ ਮੰਗ ਪੂਰੀ ਹੋ ਚੁੱਕੀ ਹੈ, ਇਸ ਲਈ ਵਿੱਚ ਅਗਲੇਰੀ ਕਾਰਵਾਈ ਦੀ ਲੋੜ ਨਹੀਂ।

ਵਰਨਣ ਯੋਗ ਹੈ ਕਿ ਇੱਕ ਟਰੱਕ ਆਪਰੇਟਰ ਨੇ ਪਟੀਸ਼ਨ ਦਾਖ਼ਲ ਕਰ ਕੇ ਕਿਹਾ ਸੀ ਕਿ ਮਾਈਨਿੰਗ ਸਾਈਟਾਂ ਨੇੜੇ ਠੇਕੇਦਾਰਾਂ ਵੱਲੋਂ ਨਾਕੇ ਲਾ ਕੇ ਗੁੰਡਾ ਟੈਕਸ ਦੀ ਵਸੂਲੀ ਕੀਤੀ ਜਾ ਰਹੀ ਹੈ ਅਤੇ ਜੇ ਟੈਕਸ ਲੈਣਾ ਹੈ ਤਾਂ ਸਰਕਾਰ ਲਵੇ ਤਾਂ ਜੋ ਸਰਕਾਰੀ ਖ਼ਜ਼ਾਨੇ ਨੂੰ ਲਾਭ ਪੁੱਜੇ। ਇਸੇ ’ਤੇ ਹਾਈਕੋਰਟ ਨੇ ਜਾਂਚ ਦਾ ਹੁਕਮ ਦਿੱਤਾ ਸੀ ਅਤੇ ਸਰਕਾਰ ਨੇ ਜੁਆਇੰਟ ਐਕਸ਼ਨ ਟੀਮ ਬਣਾਈ ਸੀ, ਪਰ ਜੁਆਇੰਟ ਐਕਸ਼ਨ ਟੀਮ ਨੇ ਕਿਹਾ ਸੀ ਕਿ ਕਿਸੇ ਤਰ੍ਹਾਂ ਦਾ ਨਾਕਾ ਨਹੀਂ ਤੇ ਕੋਈ ਗੁੰਡਾ ਟੈਕਸ ਨਹੀਂ ਵਸੂਲਿਆ ਜਾ ਰਿਹਾ। ਇਸ ਦੇ ਉਲਟ ਪਟੀਸ਼ਨਰ ਵੱਲੋਂ ਲੁਕਵੇਂ ਤੱਥ ਸਾਹਮਣੇ ਲਿਆਉਣ ’ਤੇ ਹਾਈਕੋਰਟ ਨੇ ਸੀ ਬੀ ਆਈ ਨੂੰ ਮੁਢਲੀ ਜਾਂਚ ਕਰਨ ਲਈ ਕਿਹਾ ਸੀ ਅਤੇ ਸੀ ਬੀ ਆਈ ਜਾਂਚ ਰਿਪੋਰਟ ਵਿੱਚ ਕਈ ਨਾਕਿਆਂ ’ਤੇ ਗੁੰਡਾ ਟੈਕਸ ਵਸੂਲੀ ਦੀ ਗੱਲ ਸਾਹਮਣੇ ਆਉਣ ’ਤੇ ਸਰਕਾਰ ਤੋਂ ਕਾਰਵਾਈ ਕਰਕੇ ਰਿਪੋਰਟ ਮੰਗੀ ਗਈ ਸੀ।


## ਕੈਪਟਨ ਆਪਣੀ ਕੈਬਨਿਟ ’ਚ ਦੀਵਾਲੀ ਨੇੜੇ ਫੇਰਬਦਲ ਕਰਨਗੇ

ਜਲੰਧਰ, 2 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣੇ ਮੰਤਰੀ ਮੰਡਲ ’ਚ ਦੀਵਾਲੀ ਦੇ ਨੇੜੇ-ਤੇੜੇ ਫੇਰਬਦਲ ਕੀਤਾ ਜਾਵੇਗਾ। ਮੁੱਖ ਮੰਤਰੀ ਦੇ ਨੇੜਲੇ ਸੂਤਰਾਂ ਨੇ ਦੱਸਿਆ ਕਿ ਇਹ ਫੇਰਬਦਲ ਦੀਵਾਲੀ ਤੋਂ ਇੱਕ ਦੋ ਦਿਨ ਪਹਿਲਾਂ ਜਾਂ ਉਸ ਤੋਂ ਇੱਕ ਦੋ ਦਿਨ ਬਾਅਦ ਹੋ ਸਕਦਾ ਹੈ ਅਤੇ। ਅੰਤਿਮ ਮਿਤੀ ਮੁਖ ਮੰਤਰੀ ਵੱਲੋਂ ਅਗਲੇ ਕੁਝ ਦਿਨਾਂ ’ਚ ਤੈਅ ਕਰ ਲਈ ਜਾਵੇਗੀ।

ਦੱਸਿਆ ਜਾਂਦਾ ਹੈ ਕਿ ਮੰਤਰੀ ਮੰਡਲ ’ਚ ਫੇਰਬਦਲ ਦੌਰਾਨ ਨਵਜੋਤ ਸਿੰਘ ਸਿੱਧੂ ਨੂੰ ਮੁੜ ਮੰਤਰੀ ਮੰਡਲ ’ਚ ਸ਼ਾਮਲ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਅਤੇ ਸਿੱਧੂ ਦੇ ਆਪਸੀ ਸਬੰਧ ਪਿਛਲੇ ਦਿਨੀਂ ਠੀਕ ਹੋ ਗਏ ਸਨ। ਮੁੱਖ ਮੰਤਰੀ ਸਿੱਧੂ ਨੂੰ ਮੰਤਰੀ ਮੰਡਲ ’ਚ ਸ਼ਾਮਲ ਕਰਨਗੇ ਅਤੇ ਕੁਝ ਹੋਰਾਂ ਮੰਤਰੀਆਂ ਦੇ ਵਿਭਾਗਾਂ ’ਚ ਤਬਦੀਲੀ ਕਰਨ ਦੇ ਆਸਾਰ ਵੀ ਹਨ।ਦੱਸਿਆ ਜਾਂਦਾ ਹੈ ਕਿ ਇਸ ਫੇਰਬਦਲ ਨੂੰ ਵੇਖਦੇ ਹੋਏ ਕਈ ਮੰਤਰੀਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤਾਂ ਸ਼ੁਰੂ ਕਰ ਦਿੱਤੀਆਂ ਹਨ। ਇੱਕ ਵਿਚਾਰ ਮੁੱਖ ਮੰਤਰੀ ਦੇ ਧਿਆਨ ’ਚ ਇਹ ਵੀ ਹੈ ਕਿ ਸੂਬਾਈ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੂੰ ਮੰਤਰੀ ਮੰਡਲ ’ਚ ਸ਼ਾਮਲ ਕੀਤਾ ਜਾਵੇ। ਉਹ ਆਪਣੇ ਮੰਤਰੀ ਮੰਡਲ ਨੂੰ ਨਵੀਂ ਦਿਖ ਦੇਣੀ ਚਾਹੁੰਦੇ ਹਨ।

ਪੰਜਾਬ ਵਿਧਾਨ ਸਭਾ ਦੀਆਂ ਅਗਲੀਆਂ ਆਮ ਚੋਣਾਂ ਤੋਂ ਪਹਿਲਾਂ ਸ਼ਾਇਦ ਇਹ ਆਖਰੀ ਫੇਰ ਬਦਲ ਹੋਵੇਗਾ। ਇਸ ਲਈ ਮੁੱਖ ਮੰਤਰੀ ਵੱਲੋਂ ਨੇੜਲੇ ਸਾਥੀਆਂ ਨਾਲ ਇਸ ਦੀ ਚਰਚਾ ਚੱਲ ਰਹੀ ਹੈ। ਉਨ੍ਹਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨਾਲ ਵੀ ਚਰਚਾ ਕੀਤੀ ਹੈ। ਕੁਝ ਮੰਤਰੀਆਂ ਦੇ ਵਿਭਾਗਾਂ ’ਚ ਫੇਰਬਦਲ ਦੀ ਚਰਚਾ ਵੀ ਹੈ। ਇੱਕ ਚਰਚਾ ਇਹ ਵੀ ਹੈ ਕਿ ਇੱਕ ਮੰਤਰੀ ਨੂੰ ਹਟਾ ਦਿੱਤਾ ਜਾਵੇ, ਪਰ ਇਸ ਦਾ ਅੰਤਿਮ ਫੈਸਲਾ ਅਜੇ ਹੋਣਾ ਹੈ।ਮੁੱਖ ਮੰਤਰੀ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਜੋ ਮੰਤਰੀ ਵਧੇਰੇ ਸਰਗਰਮ ਨਹੀਂ, ਉਨ੍ਹਾਂ ’ਚੋਂ ਕਿਸੇ ਇੱਕ ਨੂੰ ਸਪੀਕਰ ਬਣਾ ਦਿੱਤਾ ਜਾਵੇ। ਇਸ ਤਰ੍ਹਾਂ ਕੈਬਿਨਟ ਮੰਤਰੀ ਓਮ ਪ੍ਰਕਾਸ਼ ਸੋਨੀ ਦੇ ਵਿਭਾਗ ’ਚ ਫੇਰਬਦਲ ਦੀ ਸੰਭਾਵਨਾ ਹੈ। ਉਨ੍ਹਾਂ ਦਾ ਪੁਰਾਣਾ ਰੁਤਬਾ ਬਹਾਲ ਕੀਤੇ ਜਾਣ ਦੀ ਚਰਚਾ ਹੈ।

# ਯੂਰਪੀ ਦੇਸ਼ਾਂ ’ਚ ਕੋਰੋਨਾ ਦਾ ਅਸਰ, ਭਾਰਤੀ ਟੈਕਸਟਾਈਲਜ਼ ਉਤੇ ਵੀ ਮੰਦੀ ਦੇ ਬੱਦਲ



ਜੈਤੋ, 2 ਨਵੰਬਰ (ਪੋਸਟ ਬਿਊਰੋ)- ਭਾਰਤ ’ਚ ਨਵੇਂ ਕਪਾਹ ਸੀਜ਼ਨ ਸਾਲ 2020-21 ਦੌਰਾਨ ਵੱਖ-ਵੱਖ ਕਿਸਮਾਂ ਦੀ ਕਪਾਹ ਦੀ ਫਸਲ ਸੂਬਿਆਂ ਦੀਆਂ ਘਰੇਲੂ ਮੰਡੀਆਂ ’ਚ ਲੱਗਭਗ 22 ਲੱਖ ਗੰਢਾਂ ਪਹੁੰਚੀ ਹੈ, ਜਿਸ ’ਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀਆਂ ਮੰਡੀਆਂ ਦੀ ਕਰੀਬ 11-12 ਲੱਖ ਗੰਢਾਂ ਦੀ ਆਮਦ ਵੀ ਸ਼ਾਮਲ ਹੈ।

ਜਾਣਕਾਰ ਸੂਤਰਾਂ ਅਨੁਸਾਰ ਕੱਪੜਾ ਮੰਤਰਾਲੇ ਦੇ ਅਦਾਰੇ ਭਾਰਤੀ ਕਪਾਹ ਨਿਗਮ ਲਿਮਟਿਡ (ਸੀ ਸੀ ਆਈ) ਨੇ ਦੇਸ਼ ’ਚ ਕੱਲ੍ਹ ਤੱਕ ਲੱਗਭਗ 6 ਲੱਖ ਰੁਪਏ ਗੰਢਾਂ ਕਪਾਹ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਤੇਲੰਗਾਨਾ ਸੂਬਿਆਂ ਤੋਂ ਹੇਠਲੇ ਸਮਰਥਨ ਮੁੱਲ ’ਤੇ ਖਰੀਦੀ ਹੈ। ਬਾਜ਼ਾਰ ਜਾਣਕਾਰਾਂ ਨੇ ਦੱਸਿਆ ਕਿ ਇਸ ਹਫਤੇ ਦੇਸ਼ ’ਚ ਕਪਾਹ ਦੀ ਆਮਦ ਰੋਜ਼ਾਨਾ 1.25 ਤੋਂ 1.140 ਲੱਖ ਗੰਢਾਂ ਦੀ ਹੋ ਗਈ ਸੀ। ਇਸ ਮਹੀਨੇ ਦੇਸ਼ ’ਚ ਕਪਾਹ ਦੀ ਆਮਦ ’ਚ ਵੱਡਾ ਵਾਧਾ ਹੋਣ ਦੇ ਕਿਆਸ ਹਨ। ਹਰ ਇੱਕ ਸੀਜ਼ਨ ਨਵੰਬਰ-ਦਸੰਬਰ ਦੇ 2 ਮਹੀਨਿਆਂ ਦੌਰਾਨ ਸਭ ਤੋਂ ਜ਼ਿਆਦਾ ਕਪਾਹ ਦੀ ਆਮਦ ਹੁੰਦੀ ਹੈ। ਦੇਸ਼ ’ਚ ਕਪਾਹ ਦੀ ਕੋਈ ਕਮੀ ਨਹੀਂ ਹੈ ਅਤੇ ਖਪਤ ਤੋਂਵੱਧ ਕਪਾਹ ਹੈ। ਕੋਰੋਨਾ ਵਾਇਰਸ ਦੇ ਖਤਰੇ ਨੂੰ ਲੈ ਕੇ ਯੂਰਪੀ ਦੇਸ਼ਾਂ ’ਚ ਇਸ ਦਾ ਕਾਰੋਬਾਰ ਫਿਰ ਤੋਂ ਬੰਦ ਕਰ ਦਿੱਤਾ ਗਿਆ ਹੈ, ਜਿਸ ਨਾਲ ਕੱਪੜੇ ਦੀ ਮੰਗ ਕਮਜ਼ੋਰ ਪੈ ਗਈ ਹੈ। ਇਸ ਲਈ ਭਾਰਤੀ ਟੈਕਸਟਾਈਲਜ਼ ਉਦਯੋਗ ’ਤੇ ਇੱਕ ਵਾਰ ਫਿਰ ਮੰਦੀ ਦੇ ਬਾਦਲ ਮੰਡਰਾਉਣ ਲੱਗੇ ਹਨ ਕਿਉਂਕਿ ਭਾਰਤ ਮੁੱਖ ਰੂਪ ਨਾਲ ਕੱਪੜਾ ਯੂਰਪੀ ਦੇਸ਼ਾਂ ਨੂੰ ਬਰਾਮਦ ਕਰਦਾ ਹੈ।

ਭਾਰਤੀ ਟੈਕਸਟਾਈਲਜ਼ ਉਦਯੋਗ ਤੇ ਕੱਤਾਈ ਮਿੱਲਾਂ ਨੂੰ ਲਾਕਡਾਊਨ ਦੀ ਵਜ੍ਹਾ ਨਾਲ ਕਈ ਮਹੀਨੇ ਵੱਡੀ ਆਰਥਿਕ ਰੂਪ ਨਾਲ ਜੂਝਣਾ ਪਿਆ ਅਤੇ ਪੈਸੇ ਦਾ ਭਾਰੀ ਨੁਕਸਾਨ ਸਹਿਣਾ ਪਿਆ। ਦੇਸ਼ ’ਚ ਸਭ ਤੋਂ ਜ਼ਿਆਦਾ ਰੋਜ਼ਗਾਰ ਦੇਣ ਵਾਲੇ ਟੈਕਸਟਾਈਲਜ਼ ਉਦਯੋਗ ਅਤੇ ਕੱਤਾਈ ਮਿੱਲਾਂ ਦੀ ਆਰਥਿਕ ਹਾਲਤ ਵਿਗੜਣ ਦੀ ਜਾਣਕਾਰੀ ਕੇਂਦਰ ਸਰਕਾਰ ਨੂੰ ਪਤਾ ਹੋਣ ਦੇ ਬਾਵਜੂਦ ਸਰਕਾਰ ਅਜੇ ਤੱਕ ਅਣਜਾਣ ਬਣੀ ਹੋਈ ਹੈ।ਸੂਤਰਾਂ ਅਨੁਸਾਰ ਸੀ ਸੀ ਆਈ ਨੇ ਅਕਤੂਬਰ ਮਹੀਨੇ ’ਚ ਕਰੀਬ 3100-3400 ਰੁਪਏ ਪ੍ਰਤੀ ਕੈਂਡੀ ਅਤੇ ਪੁਰਾਣੀ ਰੂੰ ਕੀਮਤਾਂ ’ਚ ਜੁਲਾਈ ਤੋਂ ਹੁਣ ਤੱਕ ਕਰੀਬ 6,000 ਰੁਪਏ ਪ੍ਰਤੀ ਕੈਂਡੀ ਦਾ ਵਾਧਾ ਕੀਤਾ ਹੈ। ਦੇਸ਼ ’ਚ ਲਾਕਡਾਊਨ ਨੂੰ ਵੇਖਦੇ ਹੋਏ ਕੇਂਦਰ ਸਰਕਾਰ ਨੂੰ ਭਾਰਤੀ ਟੈਕਸਟਾਈਲਜ਼ ਉਦਯੋਗ ਅਤੇ ਕੱਤਾਈ ਮਿੱਲਾਂ ਨੂੰ ਸੀ ਸੀ ਆਈ ਵੱਲੋਂ ਛੋਟੀਆਂ-ਵੱਡੀਆਂ ਮਿੱਲਾਂ ਨੂੰ ਵਿਸ਼ੇਸ਼ ਛੋਟ ਪੈਕੇਜ ਦੇਣਾ ਚਾਹੀਦਾ ਸੀ ਪਰ ਸਰਕਾਰ ਨੇ ਅਜਿਹਾ ਨਹੀਂ ਕੀਤਾ। ਸੀ ਸੀ ਆਈ ਦੀ ਰੂੰ ਹਰ ਕੱਤਾਈ ਮਿੱਲਰ ਨਹੀਂ ਖਰੀਦ ਸਕਦਾ ਕਿਉਂਕਿ ਵਿਭਾਗ ਦੇ ਨਿਯਮ ਹਰ ਇੱਕ ਕੱਤਾਈ ਮਿੱਲ ਪੂਰਾ ਨਹੀਂ ਕਰ ਸਕਦੀਆਂ।

# ਬਠਿੰਡਾ ਦਾ ਯੂਥ ਕਾਂਗਰਸ ਪ੍ਰਧਾਨ ਚੰਡੀਗੜ੍ਹ ਵਿੱਚ ਰਿਵਾਲਵਰ ਸਣੇ ਕਾਬੂ



ਚੰਡੀਗੜ੍ਹ, 2 ਨਵੰਬਰ (ਪੋਸਟ ਬਿਊਰੋ)- ਪੰਜਾਬ ਯੂਥ ਕਾਂਗਰਸ ਬਠਿੰਡਾ ਦਿਹਾਤੀ ਦੇ ਪ੍ਰਧਾਨ ਲਖਵਿੰਦਰ ਸਿੰਘ ਸਮੇਤ ਤਿੰਨ ਨੌਜਵਾਨਾਂ ਨੂੰ ਚੰਡੀਗੜ੍ਹ ਪੁਲਸ ਨੇ ਅਸਲੇ ਸਮੇਤ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਇਨ੍ਹਾਂ ਨੌਜਵਾਨਾਂ ਦੇ ਕਬਜ਼ੇ ਵਿੱਚੋਂ ਦੋ ਰਿਵਾਲਵਰ, 12 ਕਾਰਤੂਸ ਤੇ ਦੋ ਗੱਡੀਆਂ ਵੀ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।

ਇਸ ਬਾਰੇ ਪੁਲਸ ਨੇ ਸੈਕਟਰ 17 ਪੁਲਸ ਥਾਣੇ ਵਿੱਚ ਹਥਿਆਰ ਐਕਟ ਤਹਿਤ ਦੋ ਵੱਖ-ਵੱਖ ਮਾਮਲੇ ਦਰਜ ਕੀਤੇ ਹਨ। ਕੱਲ੍ਹ ਰਾਤ ਕਰੀਬ ਸਾਢੇ ਗਿਆਰਾਂ ਵਜੇ ਟੀ ਡੀ ਆਈ ਮਾਲ ਸੈਕਟਰ 17 ਨੇੜੇ ਨਾਕਾਬੰਦੀ ਮੌਕੇ ਪੁਲਸ ਵੱਲੋਂ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ।ਜਦੋਂ ਪੁਲਸ ਨੇ ਚਿੱਟੇ ਰੰਗ ਦੀ ਸਕਾਰਪੀਓ ਰੋਕਣ ਦਾ ਯਤਨ ਕੀਤਾ ਤਾਂ ਡਰਾਈਵਰ ਨੇ ਗੱਡੀ ਨੂੰ ਭਜਾ ਲਿਆ, ਪਰ ਪੁਲਸ ਨੇ ਬੈਰੀਕੇਡ ਦੀ ਸਹਾਇਤਾ ਨਾਲ ਗੱਡੀ ਨੂੰ ਰੋਕ ਲਿਆ। ਚੈਕਿੰਗ ਦੌਰਾਨ ਲਖਵਿੰਦਰ ਸਿੰਘ ਕੋਲੋਂ ਪਿਸਤੌਲ ਅਤੇ ਸੱਤ ਕਾਰਤੂਸ ਮਿਲਣ ਦਾ ਦਾਅਵਾ ਕਰਦਿਆਂ ਪੁਲਸ ਨੇ ਉਸ ਦੇ ਖਿਲਾਫ ਹਥਿਆਰ ਐਕਟ ਦਾ ਕੇਸ ਦਰਜ ਕੀਤਾ ਹੈ। ਇਸੇ ਤਰ੍ਹਾਂ ਪੁਲਸ ਨੇ ਸਵਿਫਟ ਕਾਰ ’ਚ ਸਵਾਰ ਹਰਪ੍ਰੀਤ ਸਿੰਘ ਵਾਸੀ ਐਚਨਾਕ (ਮਾਨਸਾ) ਅਤੇ ਅੰਮ੍ਰਿਤਪਾਲ ਸਿੰਘ ਵਾਸੀ ਰਾਮਪੁਰਾ ਫੂਲ (ਬਠਿੰਡਾ) ਨੂੰ ਇੱਕ ਰਿਵਾਲਵਰ ਅਤੇ 12 ਕਾਰਤੂਸਾਂ ਸਮੇਤ ਗ੍ਰਿਫਤਾਰ ਕੀਤਾ ਹੈ। ਪੁਲਸ ਅਨੁਸਾਰ ਇਨ੍ਹਾਂ ਦੇ ਕਬਜ਼ੇ ਵਿੱਚੋਂ ਰਿਵਾਲਵਰ ਅਤੇ ਸੱਤ ਕਾਰਤੂਸ ਮਿਲੇ ਹਨ। ਅਦਾਲਤ ਨੇ ਲਖਵਿੰਦਰ ਸਿੰਘ ਦਾ ਇੱਕ ਦਿਨ ਦਾ ਅਤੇ ਹਰਪ੍ਰੀਤ ਸਿੰਘ ਤੇ ਅੰਮ੍ਰਿਤਪਾਲ ਸਿੰਘ ਦਾ ਦੋ ਦਿਨਾਂ ਦਾ ਪੁਲਸ ਰਿਮਾਂਡ ਦਿੱਤਾ ਹੈ।

ਯੂਥ ਕਾਂਗਰਸ ਪੰਜਾਬ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਉਹ ਇਸ ਦੀ ਜਾਂਚ ਕਰ ਕੇ ਬਣਦੀ ਕਾਰਵਾਈ ਕਰਨਗੇ। ਪਤਾ ਲੱਗਾ ਹੈ ਕਿ ਸਾਲ 2019 ਵਿੱਚ ਯੂਥ ਕਾਂਗਰਸ ਦੀਆਂ ਚੋਣਾਂ ਦੌਰਾਨ ਲਖਵਿੰਦਰ ਸਿੰਘ ਬਠਿੰਡਾ ਦਿਹਾਤੀ ਦਾ ਪ੍ਰਧਾਨ ਚੁਣਿਆ ਗਿਆ ਸੀ। ਦੱਸਿਆ ਜਾਂਦਾ ਹੈ ਕਿ ਲਖਵਿੰਦਰ ਸਿੰਘ ਪੰਜਾਬ ਕਾਂਗਰਸ ਦੇ ਮੁੱਖ ਮੰਤਰੀ ਕੈਂਪ ਵਿੱਚ ਸ਼ਾਮਲ ਇੱਕ ਵੱਡੇ ਨੌਜਵਾਨ ਆਗੂ ਦੇ ਨਜ਼ਦੀਕੀਆਂ ਵਿੱਚੋਂ ਹੈ।

## ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਬਦਮਾਸ਼ ਗ੍ਰਿਫਤਾਰ

ਬਟਾਲਾ, 2 ਨਵੰਬਰ (ਪੋਸਟ ਬਿਊਰੋ)- ਬਟਾਲਾ ਪੁਲਸ ਨੇ ਕੱਲ੍ਹ ਦੇਰ ਰਾਤ ਇੱਕ ਕਾਰ ਵਿੱਚ ਸਵਾਰ ਹੋ ਕੇ ਫਾਇਰ ਕਰਦੇ ਜਾ ਰਹੇ ਦੋ ਗੈਂਗਸਟਰਾਂ ਨੂੰ ਫੜਿਆ ਹੈ। ਉਨ੍ਹਾਂ ਦੇ ਦੋ ਸਾਥੀ ਫਰਾਰ ਹੋ ਗਏ। ਗ੍ਰਿਫਤਾਰ ਕੀਤੇ ਗਏ ਗੈਂਗਸਟਰਾਂ ਤੋਂ ਦੋ 32 ਬੋਰ ਦੇ ਰਿਵਾਲਵਰ, ਇੱਕ ਵਿਦੇਸ਼ੀ ਪਿਸਤੌਲ ਅਤੇ ਕਾਰਤੂਸ ਮਿਲੇ ਹਨ। ਇਨ੍ਹਾਂ ਗੈਂਗਸਟਰਾਂ ਦਾ ਸੰਬੰਧ ਲਾਰੈਂਸ ਬਿਸ਼ਨੋਈ ਗੈਂਗ ਨਾਲ ਦੱਸਿਆ ਜਾ ਰਿਹਾ ਹੈ। ਪੁਲਸ ਨੇ ਉਨ੍ਹਾਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਐਸ ਐਸ ਪੀ ਬਟਾਲਾ ਰਛਪਾਲ ਸਿੰਘ ਨੇ ਦੱਸਿਆ ਕਿ ਕੱਲ੍ਹ ਰਾਤ ਥਾਣਾ ਘੁਮਾਣ ਪੁਲਸ ਨੇ ਨਾਕਾ ਲਾਇਆ ਸੀ ਕਿ ਮਹਿਤਾ ਚੌਕ ਵੱਲੋਂ ਲਾਲ ਰੰਗ ਦੀ ਪਜੈਰੋ ਕਾਰ ਵਿੱਚ ਸਵਾਰ ਹਵਾਈ ਫਾਇਰ ਕਰਦੇ ਆ ਰਹੇ ਕੁਝ ਨੌਜਵਾਨਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਪੁਲਸ ਦੀ ਕਾਰ ਨੂੰ ਟੱਕਰ ਮਾਰ ਦਿੱਤੀ। ਪੁਲਸ ਮੁਲਾਜ਼ਮਾਂ ਨੇ ਉਨ੍ਹਾਂ ਦਾ ਮੁਕਾਬਲਾ ਕਰ ਕੇ ਸਟਾਲਨਜੀਤ ਸਿੰਘ ਅਤੇ ਨਵਜੋਤ ਸਿੰਘ ਦੋਵੇਂ ਪਿੰਡ ਠੱਠਾ ਜ਼ਿਲ੍ਹਾ ਤਰਨ ਤਾਰਨ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੇ ਸਾਥੀ ਹਿੰਮਤ ਸਿੰਘ ਪਿੰਡ ਮੱਲੋਵਾਲੀ ਅਤੇ ਇੱਕ ਹੋਰ ਫਰਾਰ ਹੋ ਗਏ। ਗ੍ਰਿਫਤਾਰ ਕੀਤੇ ਗੈਂਗਸਟਰਾਂ ਕੋਲੋਂ ਤਿੰਨ ਪਿਸਤੌਲ ਅਤੇ ਚਾਰ ਕਾਰਤੂਸ ਮਿਲੇ ਹਨ। ਐਸ ਐਸ ਪੀ ਨੇ ਦੱਸਿਆ ਕਿ ਫਰਾਰ ਹੋਏ ਗੈਂਗਸਟਰ ਹਿੰਮਤ ਸਿੰਘ ਉੱਤੇ ਸੱਤ ਅਪਰਾਧਕ ਕੇਸ ਦਰਜ ਹਨ ਅਤੇ ਉਸ ਦਾ ਸਬੰਧ ਲਾਰੈਂਸ ਬਿਸ਼ਨੋਈ ਗੈਂਗ ਨਾਲ ਹੈ। ਗ੍ਰਿਫਤਾਰ ਕੀਤੇ ਦੋਸ਼ੀਓਂ ਨੇ ਮੁੱਢਲੀ ਪੁੱਛਗਿੱਛ ਵਿੱਚ ਮੰਨਿਆ ਕਿ ਹਿੰਮਤ ਸਿੰਘ ਦਾ ਸਬੰਧ ਲਾਰੈਂਸ ਬਿਸ਼ਨੋਈ ਗੈਂਗ ਨਾਲ ਹੈ ਅਤੇ ਉਹ ਉਸ ਦੀ ਕਮਾਂਡ ਹੇਠ ਵਾਰਦਾਤਾਂ ਕਰਦੇ ਹਨ। ਪੁਲਸ ਨੇ ਮੁਲਜ਼ਮਾਂ ਖਿਲਾਫ ਦੇ ਥਾਣਾ ਘੁਮਾਣ ਵਿੱਚ ਕੇਸ ਦਰਜ ਕੀਤਾ ਹੈ।ਥਾਣਾ ਘੁਮਾਣ ਦੇ ਮੁਖੀ ਸੁਰਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਦੋ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।

## ਗੁਜਰਾਤ ਵਿੱਚ ਵਿਧਾਇਕਾਂ ਦੇ ਸੌਦੇ ਵਾਲੀ ਵੀਡੀਓ ਨਾਲ ਹਲਚਲ

* ਵਿਧਾਇਕਾਂ ਨੂੰ 10-10 ਕਰੋੜ ਵਿੱਚ ਖਰੀਦਣ ਦਾ ਕਾਂਗਰਸ ਵੱਲੋਂ ਦੋਸ਼

ਅਹਿਮਦਾਬਾਦ, 2 ਨਵੰਬਰ (ਪੋਸਟ ਬਿਊਰੋ)- ਗੁਜਰਾਤ ਵਿਧਾਨ ਸਭਾ ਦੀਆਂ ਅੱਠ ਸੀਟਾਂ ’ਤੇ ਉਪ ਚੋਣ ਦੇ ਲਈ ਪ੍ਰਚਾਰ ਰੁਕਣ ਤੋਂ ਪਹਿਲਾਂ ਇੱਕ ਵੀਡੀਓ ਨੇ ਸਿਆਸੀ ਮਾਹੌਲ ਭਖਾ ਦਿੱਤਾ ਹੈ। ਇਸ ਵਿੱਚ ਸਾਬਕਾ ਐਮ ਪੀ, ਸੀ ਆਰ ਪਟੇਲ ਕਾਂਗਰਸ ਦੇ ਇੱਕ ਕੌਂਸਲਰ ਨੂੰ ਇਹ ਦੱਸਦੇ ਨਜ਼ਰ ਆ ਰਹੇ ਹਨ ਕਿ ਭਾਜਪਾ ਨੇ 10-10 ਕਰੋੜ ਰੁਪਏ ਤੋਂ ਵੱਧ ਕਿਸੇ ਨੂੰ ਨਹੀਂ ਦਿੱਤੇ, ਜਿਸ ਤੋਂ ਸਾਫ ਦਿੱਸਦਾ ਹੈ ਕਿ ਸੌਦੇਬਾਜ਼ੀ ਕੀਤੀ ਜਾ ਰਹੀ ਹੈ।

ਕਾਂਗਰਸ ਪਾਰਟੀ ਨੇ ਵਿਧਾਨ ਸਭਾ ਸੀਟਾਂ ਦੀ ਉੱਪ ਚੋਣ ਦੇ ਚੋਣ ਪ੍ਰਚਾਰ ਦੇ ਆਖਰੀ ਦਿਨ ਪ੍ਰੈਸ ਕਾਨਫਰੰਸ ਕਰ ਕੇ ਸੋਮਾਭਾਈ ਦਾ ਇੱਕ ਵੀਡੀਓ ਜਾਰੀ ਕਰ ਕੇ ਭਾਜਪਾ ’ਤੇ ਵਿਧਾਇਕਾਂ ਨੂੰ 10-10 ਕਰੋੜ ਰੁਪਏ ਵਿੱਚ ਖਰੀਦਣ ਦਾ ਦੋਸ਼ ਲਾਇਆ ਹੈ। ਵੀਡੀਓ ਵਿੱਚ ਭਾਜਪਾ ਆਗੂ ਸੋਮਾਭਾਈ ਗੁਜਰਾਤ ਦੇ ਮੁੱਖ ਮੰਤਰੀ ਅਤੇ ਭਾਜਪਾ ਪ੍ਰਧਾਨ ਦੇ ਸੰਪਰਕ ਵਿੱਚ ਹੋਣ ਦੀ ਗੱਲ ਕਹਿੰਦੇ ਸੁਣੇ ਜਾ ਸਕਦੇ ਹਨ। ਸੋਮਾਭਾਈ ਨਾਲ ਵੀਡੀਓ ਵਿੱਚ ਗੱਲ ਕਰ ਰਿਹਾ ਵਿਅਕਤੀ ਅੰਕਿਤ ਬਾਰੋਟ ਦੱਸਿਆ ਗਿਆ ਹੈ, ਜਿਹੜਾ ਗਾਂਧੀਨਗਰ ਮਹਾਂ ਨਗਰ ਪਾਲਿਕਾ ਵਿੱਚ ਕੌਂਸਲਰ ਹੈ। ਵੀਡੀਓ ਦੇ ਇੰਟਰਨੈਟ ਮੀਡੀਆ ਉਤੇ ਆਉਂਦੇ ਹੀ ਰਾਜਨੀਤਕ ਹਲਕਿਆਂ ਵਿੱਚ ਇੱਕ-ਦੂਸਰੇ ’ਤੇ ਦੋਸ਼ ਲਾਉਣ ਦਾ ਦੌਰ ਚੱਲ ਪਿਆ ਹੈ। ਕੁਝ ਮਿੰਟ ਬਾਅਦ ਹੀ ਭਾਜਪਾ ਪ੍ਰਧਾਨ ਸੀ ਆਰ ਪਾਟਿਲ ਨੇ ਬਿਆਨ ਦਿੱਤਾ ਕਿ ਕਾਂਗਰਸ ਨੂੰ ਸਾਰੀਆਂ ਅੱਠ ਸੀਟਾਂ ਹਾਰਬ ਦਾ ਅਹਿਸਾਸ ਹੋ ਗਿਆ ਹੈ, ਇਸ ਲਈ ਲੋਕਾਂ ਨੂੰ ਗੁੰਮਰਾਹ ਕਰਨ ਦੇ ਯਤਨ ਕਰ ਰਹੀ ਹੈ, ਚੋਣਾਂ ਤੋਂ ਪਹਿਲਾਂ ਭਰਮ ਅਤੇ ਝੂਠ ਫੈਲਾਉਣਾ ਕਾਂਗਰਸ ਦੀ ਆਦਤ ਰਹੀ ਹੈ। ਸੋਮਾਭਾਈ ਨੇ 15 ਮਾਰਚ ਨੂੰ ਅਸਤੀਫਾ ਦਿੱਤਾ ਹੈ, ਜਦ ਕਿ ਮੈਂ ਭਾਜਪਾ ਪ੍ਰਧਾਨ ਦੀ ਜ਼ਿੰਮੇਵਾਰੀ 20 ਜੁਲਾਈ ਨੂੰ ਸੰਭਾਲੀ ਹੈ। ਓਧਰ ਕਾਂਗਰਸ ਪ੍ਰਧਾਨ ਅਮਿਤ ਚਾਵਲਾ ਨੇ ਮਾਮਲੇ ਦੀ ਜਾਂਚ ਸੀ ਬੀ ਆਈ ਜਾਂ ਇਨਫੋਰਸਮੈਂਟ ਡਾਇਰੈਕਟੋਰੇਟ ਤੋਂ ਕਰਾਉਣ ਦੀ ਮੰਗ ਕੀਤੀ ਹੈ।

# ਕਾਂਗਰਸ ਤੋਂ ਭਾਜਪਾ ਨੇਤਾ ਬਣੇ ਸਿੰਧੀਆ ਦੇ ਮੂੰਹੋਂ ਪੁਰਾਣੀ ਅਪੀਲ ਨਿਕਲ ਗਈ

* ਮੱਧ ਪ੍ਰਦੇਸ਼ ਵਾਸੀਓ, ਹੱਥ ਨੂੰ ਵੋਟ ਪਾਇਓ: ਸਿੰਧੀਆ



ਭੋਪਾਲ, 2 ਨਵੰਬਰ (ਪੋਸਟ ਬਿਊਰੋ)- ਕਾਂਗਰਸ ਵਿੱਚੋਂ ਭਾਜਪਾ ’ਚ ਛਾਲ ਮਾਰ ਗਏ ਰਾਜ ਸਭਾ ਮੈਂਬਰ ਜੋਤੀਰਾਦਿੱਤਿਆ ਸਿੰਧੀਆ ਦੀ ਜ਼ੁਬਾਨ ਟਪਲਾ ਖਾ ਗਈ ਤੇ ਉਨ੍ਹਾਂ ਨੇ ਮੱਧ ਪ੍ਰਦੇਸ਼ ਵਿੱਚ ਤਿੰਨ ਨਵੰਬਰ ਦੀਆਂ ਜ਼ਿਮਨੀ ਚੋਣਾਂ ਲਈ ਚੋਣ ਰੈਲੀ ਦੌਰਾਨ ਕਾਂਗਰਸ ਨੂੰ ਵੋਟ ਪਾਉਣ ਲਈ ਅਪੀਲ ਕਰ ਦਿੱਤੀ। ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਵੀਡੀਓ ਵਿੱਚ ਸਿੰਧੀਆ ਗਵਾਲੀਅਰ ਦੇ ਡਬਰਾ ਤੋਂ ਭਾਜਪਾ ਉਮੀਦਵਾਰ ਇਮਰਤੀ ਦੇਵੀ ਦੇ ਹੱਕ ਵਿੱਚ ਰੈਲੀ ਦੌਰਾਨ ਕੱਲ੍ਹ ਕਾਂ-ਗਰਸ ਨੂੰ ਵੋਟਾਂ ਦੇਣ ਦੀ ਅਪੀਲ ਕਰ ਗਏ। ਵੀਡੀਓ ਵਿੱਚ ਸਿੰਧੀਆ ਨੂੰ ਇਹ ਕਹਿੰਦੇ ਸੁਣੇ ਗਏ, “ਮੇਰੇ ਡਬਰਾ ਦੇ ਲੋਕੋ, ਆਪਣੇ ਹੱਥ ਉਪਰ ਚੁੱਕ ਕੇ ਰਾਜ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਅਤੇ ਮੈਨੂੰ ਯਕੀਨ ਦਿਵਾਉ ਕਿ ਤੁਸੀਂ ਤਿੰਨ ਨਵੰਬਰ ਨੂੰ ‘ਹੱਥ ਪੰਜੇ’ ਦਾ ਬਟਨ ਦਬਾਉਗੇ।” ਇਸ ਭਾਜਪਾ ਨੇਤਾ ਨੇ ਤੁਰਤ ਆਪਣੀ ਗ਼ਲਤੀ ਨੂੰ ਸੋਧਿਆ ਅਤੇ ਲੋਕਾਂ ਨੂੰ ਭਾਜਪਾ ਦੇ ਚਿੰਨ੍ਹ‘ਕਮਲ’ ਨੂੰ ਵੋਟ ਪਾਉਣ ਦੀ ਅਪੀਲ ਕਰ ਦਿੱਤੀ। ਕਾਂਗਰਸ ਦੇ ਟਵਿੱਟਰ ਹੈਂਡਲ ਨੇ ਇਸ ਵੀਡੀਓ ਨੂੰ ਸਾਂਝਾ ਕਰਦਿਆਂ ਕਿਹਾ, ‘ਸਿੰਧੀਆ ਜੀ, ਮੱਧ ਪ੍ਰਦੇਸ਼ ਦੇ ਲੋਕ ਤੁਹਾਨੂੰ ਭਰੋਸਾ ਦਿਵਾਉਂਦੇ ਹਨ ਕਿ ਉਹ ’ਹੱਥ ਪੰਜੇ ਦਾ ਬਟਨ ਹੀ ਦਬਾਉਣਗੇ।’

## ਗੁੱਜਰ ਸੰਘਰਸ ਵਿੱਚ ਹਿੰਮਤ ਸਿੰਘ ਗਰੁੱਪ ਤੇ ਰਾਜਸਥਾਨ ਸਰਕਾਰ ਦਾ ਸਮਝੌਤਾ

ਭਰਤਪੁਰ, 2 ਨਵੰਬਰ (ਪੋਸਟ ਬਿਊਰੋ)- ਰਿਜ਼ਰਵੇਸ਼ਨ ਦੀ ਮੰਗ ਬਾਰੇ ਰਾਜਸਥਾਨ ’ਚ ਗੁਜਰ ਭਾਈਚਾਰੇ ਦੇ ਲੋਕ ਇੱਕ ਵਾਰ ਮੁੜ ਰੇਲ ਪਟੜੀਆਂ ’ਤੇ ਆ ਗਏ ਹਨ। ਕੱਲ੍ਹ ਰਾਜਸਥਾਨ ’ਚ ਚੱਕਾ ਜਾਮ ਦੇ ਸੱਦੇ ’ਤੇ ਗੁਜਰ ਭਰਤਪੁਰ ਜ਼ਿਲੇ ਦੇ ਪੀਲੂਪੁਰਾ ਦੇ ਰੇਲ ਟਰੈਕ ’ਤੇ ਪਹੁੰਚੇ। ਉਨ੍ਹਾਂ ਨੇ ਮੁੰਬਈ-ਦਿੱਲੀ ਰੇਲ ਟਰੈਕ ਦੀਆਂ ਫਿਸ਼ ਪਲੇਟਾਂ ਉਖਾੜ ਦਿੱਤੀਆਂ, ਜਿਸ ਕਾਰਨ ਦਿੱਲੀ-ਮੁੰਬਈ ਰੇਲ ਸੈਕਸ਼ਨ ’ਤੇ ਗੱਡੀਆਂ ਦੀ ਆਵਾਜਾਈ ਰੋਕ ਦਿੱਤੀ ਗਈ। ਗੁਜਰਾਂ ਨੇ ਬਿਆਨਾ-ਹਿੰਡੋਨ ਰੇਲ ਰੂਟ ਜਾਮ ਕਰ ਦਿੱਤਾ ਤੇ ਸਵਾਈ ਮਾਧੋਪੁਰ ਸਮੇਤ ਸੂਬੇ ਦੀਆਂ ਕਈ ਹੋਰ ਥਾਵਾਂ ਤੋਂ ਵੀ ਗੁਜਰਾਂ ਦੇ ਅੰਦੋਲਨ ਦੀ ਖਬਰ ਹੈ। ਗੁਜਰ ਰਿਜ਼ਰਵੇਸ਼ਨ ਅੰਦੋਲਨ ’ਤੇ ਸਮਾਜ ਦੇ ਨੇਤਾ ਦੋਫਾੜ ਹੋ ਗਏ ਹਨ। ਸੂਬਾ ਸਰਕਾਰ ਨੇ ਗੁਜਰ ਸਮਾਜ ਦੇ ਇੱਕ ਆਗੂ ਹਿੰਮਤ ਸਿੰਘ ਦੇ ਗਰੁੱਪ ਨਾਲ 14 ਗੱਲਾਂ ’ਤੇ ਸਮਝੌਤਾ ਕੀਤਾ ਹੈ। ਦੂਜੇ ਪਾਸੇ ਕਰਨਲ ਕਿਰੋੜੀ ਸਿੰਘ ਬੈਂਸਲਾ ਨੇ ਇਸ ਸਮਝੌਤੇ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਚੱਕਾ ਜਾਮ ਕਰਾਂਗੇ। ਇਸ ਕਾਰਨ ਕੱਲ੍ਹ ਕਰੋਲੀ ਜ਼ਿਲੇ ’ਚ ਬੱਸਾਂ ਨਹੀਂ ਚੱਲੀਆਂ।


## ਨਰਾਤਿਆਂ ਵਿੱਚ ਵਾਹਨਾਂ ਦੀ ਵਿਕਰੀ ਨੇ ਰਫਤਾਰ ਫੜੀ



ਨਵੀਂ ਦਿੱਲੀ, 2 ਨਵੰਬਰ (ਪੋਸਟ ਬਿਊਰੋ)- ਮਾਰੂਤੀ ਸੁਜ਼ੂਕੀ ਇੰਡੀਆ (ਐਮ ਐਸ ਆਈ) ਹੁੰਡਈ ਅਤੇ ਟਾਟਾ ਮੋਟਰਜ਼ ਵਰਗੀਆਂ ਕੰਪਨੀਆਂ ਦੀ ਰਿਟੇਲ ਵਿਕਰੀ ਇਸ ਸਾਲ ਨਰਾਤਿਆਂ ਵਿੱਚ ਪਿਛਲੇ ਸਾਲ ਦੀ ਇਸੇ ਮਿਆਦ ਦੀ ਤੁਲਨਾ ਵਿੱਚ ਬਿਹਤਰ ਰਹੀ ਹੈ। ਇਨ੍ਹਾਂ ਕੰਪਨੀਆਂ ਦਾ ਕਹਿਣਾ ਹੈ ਕਿ ਇਸ ਸਾਲ ਨਰਾਤਿਆਂ ਦੇ ਦੌਰਾਨ ਪਿਛਲੇ ਕੁਝ ਮਹੀਨੇ ਦੀ ਦੱਬੀ ਮੰਗ ਕਾਰਨ ਵਿਕਰੀ ਵਿੱਚ ਉਛਾਲ ਆਇਆ ਹੈ। ਨਰਾਤਿਆਂ ਦੇ 10 ਦਿਨਾਂ (ਦੁਸ਼ਹਿਰਾ ਸਮੇਤ) ਦੌਰਾਨ ਕੀਆ ਮੋਟਰਜ਼, ਟੋਏਟਾ, ਕਿਰਲੋਸਕਰ ਮੋਟਰਜ਼, ਮਹਿੰਦਰਾ ਐਂਡ ਮਹਿੰਦਰਾ ਅਤੇ ਹੌਂਡਾ ਕਾਰਾਂ ਦੀ ਵਿਕਰੀ ਵੀ ਚੰਗੀ ਰਹੀ ਹੈ।

ਨਰਾਤਿਆਂ ਵਿੱਚ ਨਵਾਂ ਸਾਮਾਨ ਅਤੇ ਜਾਇਦਾਦ ਖਰੀਦਣਾ ਸ਼ੁਭ ਮੰਨਿਆ ਜਾਂਦਾ ਹੈ। ਦੇਸ਼ ਦੀ ਸਭ ਤੋਂ ਵੱਡੀ ਕਾਰ ਕੰਪਨੀ ਮਾਰੂਤੀ ਦੀ ਵਿਕਰੀ ਨਰਾਤਿਆਂ ਵਿੱਚ 27 ਫੀਸਦੀ ਵਧ ਕੇ 96,700 ਯੂਨਿਟ ’ਤੇ ਪਹੁੰਚ ਗਈ ਹੈ। ਇਸ ਬਾਰੇ ਮਾਰੂਤੀ ਸੁਜ਼ੂਕੀ ਦੇ ਕਾਰਜਕਾਰੀ ਡਾਇਰੈਕਟਰ (ਸੇਲ ਐਂਡ ਮਾਰਕੀਟਿੰਗ) ਸ਼ਸ਼ਾਂਕ ਸ੍ਰੀਵਾਸਤਵ ਨੇ ਕਿਹਾ, ਨਰਾਤਿਆਂ ਵਿੱਚ ਸਾਡੀ ਵਿਕਰੀ 96,700 ਯੂਨਿਟ ਰਹੀ ਹੈ, ਜੋ ਪਿਛਲੇ ਸਾਲ ਦੇ ਮੁਕਾਬਲੇ ਵੱਧ ਹੈ। ਪਿਛਲੇ ਸਾਲ ਏਨੇਸਮੇਂ ਵਿੱਚ ਮਾਰੂਤੀ ਦੀ ਵਿਕਰੀ 76,000 ਕਾਰਾਂ ਸੀ। ਇਸੇ ਤਰ੍ਹਾਂ ਨਰਾਤਿਆਂ ਵਿੱਚ ਹੁੰਡਈ ਮੋਟਰ ਇੰਡੀਆ ਦੀ ਰਿਟੇਲ ਸੇਲ 28 ਫੀਸਦੀ ਤੋਂ ਵਧ ਕੇ 26,068 ਇਕਾਈ ’ਤੇ ਪਹੁੰਚ ਗਈ ਹੈ।

# ਹਿਜ਼ਬੁਲ ਮੁਜਾਹਿਦੀਨ ਦਾ ਕਮਾਂਡਰ ਸੈਫਉਲ੍ਹਾ ਮਾਰਿਆ ਗਿਆ



ਜੰਮੂ, 2 ਨਵੰਬਰ (ਪੋਸਟ ਬਿਊਰੋ)- ਸ੍ਰੀਨਗਰ ’ਚ ਵੱਡੀ ਵਾਰਦਾਤ ਦੇ ਮਕਸਦ ਨਾਲ ਆਏ ਹਿਜ਼ਬੁਲ ਮੁਜਾਹਦੀਨ ਦੇ ਚੀਫ ਆਪਰੇਸ਼ਨਲ ਕਮਾਂਡਰ ਸੈਫਉਲਾ ਉਰਫ ਗਾਜ਼ੀ ਹੈਦਰ ਨੂੰ ਸੁਰੱਖਿਆ ਬਲਾਂ ਨੇ ਮਾਰ ਦਿੱਤਾ ਹੈ। ਏਥੇ ਰੰਗਰੇਥ ਖੇਤਰ ਵਿੱਚ ਦੁਪਹਿਰੇ ਕਰੀਬ ਤਿੰਨ ਘੰਟੇ ਚੱਲੇ ਮੁਕਾਬਲੇ ਦੌਰਾਨ ਇੱਕ ਸ਼ੱਕੀ ਅੱਤਵਾਦੀ ਜਿਊਂਦਾ ਵੀ ਫੜਿਆ ਗਿਆ। ਹੁਲੜਬਾਜ਼ਾਂ ਨੇ ਪਥਰਾਅ ਕਰ ਕੇ ਸੈਫਉਲ੍ਹਾ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ। ਮੁਕਾਬਲੇ ਵਾਲੀ ਥਾਂ ਤੋਂ ਗੋਲਾ ਬਾਰੂਦ ਮਿਲਿਆ ਹੈ। ਮਈ ਵਿੱਚ ਰਿਆਜ਼ ਨਾਇਕੂ ਦੇ ਮਾਰੇ ਜਾਣ ਪਿੱਛੋਂ ਕਸ਼ਮੀਰ ਵਿੱਚ ਸੈਫਉਲ੍ਹਾ ਨੂੰ ਹਿਜ਼ਬੁਲ ਦੀ ਕਮਾਂਡ ਮਿਲੀ ਸੀ।

ਜਾਣਕਾਰ ਸੂਤਰਾਂ ਅਨੁਸਾਰ ਦੱਖਣੀ ਕਸ਼ਮੀਰ ਵਿੱਚ ਸਰਗਰਮ ਸੈਫਉਲ੍ਹਾ ਸ਼ਨੀਵਾਰ ਨੂੰ ਰੰਗਰੇਥ ’ਚ ਆਪਣੇ ਕਿਸੇ ਜਾਣਕਾਰ ਦੇ ਘਰ ਆ ਕੇ ਲੁਕਿਆ ਸੀ। ਉਸ ਦੀ ਯੋਜਨਾ ਕੋਈ ਵੱਡੀ ਵਾਰਦਾਤ ਕਰਨ ਦੀ ਸੀ। ਪੁਲਸ ਨੇ ਪੁਖਤਾ ਸੂਚਨਾ ’ਤੇ ਸ਼ਨੀਵਾਰ ਦੇਰ ਰਾਤ ਫੌਜ ਅਤੇ ਸੀ ਆਰ ਪੀ ਐਫ ਜਵਾਨਾਂ ਨਾਲ ਉਸ ਘਰ ਨੂੰ ਘੇਰ ਲਿਆ ਅਤੇ ਤੜਕੇ ਗਵਾਂਢ ਵਾਲੇ ਲੋਕਾਂ ਨੂੰ ਪਹਿਲਾਂ ਸੁਰੱਖਿਅਤ ਕੱਢਿਆ ਗਿਆ। ਸੈਫਉਲ੍ਹਾ ਨੂੰ ਭਿਣਕ ਲੱਗ ਗਈ ਸੀ। ਲੰਬੇ ਸਮੇਂ ਤੱਕ ਸੈਫਉਲ੍ਹਾ ਨੂੰ ਆਤਮ ਸਮਰਪਣ ਕਰਨ ਦੀ ਕਈ ਵਾਰ ਅਪੀਲ ਕੀਤੀ ਗਈ। ਆਖਰ ਦੁਪਹਿਰ ਕਰੀਬ 12 ਵਜੇ ਘਰ ਦੇ ਵਿੱਚੋਂ ਗੋਲੀਬਾਰੀ ਸ਼ੁਰੂ ਹੋ ਗਈ। ਸੁਰੱਖਿਆ ਬਲਾਂ ਨੇ ਜਵਾਬੀ ਕਾਰਵਾਈ ਕੀਤੀ ਤਾਂ ਹੁੱਲੜਬਾਜ਼ਾਂ ਨੇ ਹਿੰਸਕ ਪ੍ਰਦਰਸ਼ਨ ਅ ਪੱਥਰਬਾਜ਼ੀ ਕਰ ਕੇ ਆਪਰੇਸ਼ਨ ਵਿੱਚ ਅੜਚਣ ਪਾਉਣ ਦਾ ਯਤਨ ਕੀਤਾ। ਇਸ ’ਤੇ ਜਵਾਨਾਂ ਨੇ ਹੰਝੂ ਗੈਸ ਦੇ ਗੋਲੇ ਛੱਡ ਕੇ ਪੱਥਰਬਾਜ਼ ਦੁੜਾ ਦਿੱਤੇ। ਦੁਪਹਿਰ ਬਾਅਦ ਸੁਰੱਖਿਆ ਬਲਾਂ ਨੇ ਸੈਫਉਲ੍ਹਾ ਨੂੰ ਮਾਰ ਲਿਆ। ਇਸ ਮੌਕੇ ਇੱਕ ਜਣਾ ਜਿੰਦਾ ਫੜਿਆ ਗਿਆ ਹੈ।

## ਸੁੱਤੀ ਪਤਨੀ ਦਾ ਕਤਲ ਕਰ ਕੇ ਪਤੀ ਨੇ ਖੁਦਕੁਸ਼ੀ ਕਰ ਲਈ

ਕਰਨਾਲ, 2 ਨਵੰਬਰ (ਪੋਸਟ ਬਿਊਰੋ)- ਕੱਟਾ ਬਾਗ ਏਰੀਆ ਸੂਰਜ ਨਗਰ ਵਿੱਚ ਇਕ ਵਿਅਕਤੀ ਨੇ ਘਰ ਵਿੱਚ ਸੁੱਤੀ ਪਈ ਪਤਨੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਫਿਰ ਖੁਦ ਜ਼ਹਿਰ ਖਾ ਕੇ ਜਾਨ ਦੇ ਦਿੱਤੀ। ਕਤਲ ਕੀਤੀ ਪਤਨੀ ਦੀ ਕਮਰ ਤੋਂ ਲੈ ਕੇ ਚਿਹਰੇ ਤੱਕ ਕਈ ਜ਼ਖਮ ਸਨ। ਦੱਸਿਆ ਜਾ ਰਿਹਾ ਹੈ ਕਿ ਕਤਲ ਦੇ ਦੌਰਾਨ ਮ੍ਰਿਤਕ ਔਰਤ ਬੇਟੇ ਅਨਮੋਲ ਦਾ ਨਾਂਅ ਲੈ ਕੇ ਬਚਾਓ-ਬਚਾਓ ਚੀਕ ਰਹੀ ਸੀ। 14 ਸਾਲ ਦਾ ਬੇਟਾ ਗਿਆ ਤਾਂ ਮਾਂ ਲਹੂ ਲੁਹਾਨ ਪਈ ਸੀ। ਬੇਟੇ ਨੇ ਮਾਂ ਨੂੰ ਪਾਣੀ ਪਿਆਇਆ ਤੇ ਗੁਆਂਢੀਆਂ ਨੂੰ ਆਵਾਜ਼ਾਂ ਮਾਰੀਆਂ। ਦੋਸ਼ੀ ਪਤੀ ਵਿਕਰਮ ਨੇ ਵੀ ਜ਼ਹਿਰੀਲਾ ਪਦਾਰਥ ਨਿਗਲਿਆ ਲਿਆ ਸੀ ਅਤੇ ਘਰ ਅੱਗੇ ਉਲਟੀਆਂ ਕਰ ਰਿਹਾ ਸੀ। ਦੋਵਾਂ ਨੂੰ ਦੋ ਮੋਟਰ ਸਾਈਕਲਾਂ ’ਤੇ ਸਿਵਲ ਹਸਪਤਾਲ ਪਹੁੰਚਾਇਆ ਤਾ ਪਤਨੀ ਸੰਗੀਤਾ ਨੇ ਹਸਪਤਾਲ ਪੁੱਜਣ ਤੋਂ ਪਹਿਲਾਂ ਦਮ ਤੋੜ ਦਿੱਤਾ। ਪਤੀ ਵਿਕਰਮ ਦੀ ਨਿੱਜੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਕਲਪਨਾ ਚਾਵਲਾ ਸਰਕਾਰੀ ਮੈਡੀਕਲ ਕਾਲਜ ਵਿੱਚ ਲਾਸ਼ ਦਾ ਪੋਸਟ ਮਾਰਟਮ ਕਰਵਾਇਆ ਗਿਆ। ਸ਼ਹਿਰ ਦੇ ਸੈਕਟਰ 32-33 ਥਾਣੇ ਵਿੱਚ ਪੁਲਸ ਨੇ ਮ੍ਰਿਤਕਾ ਸੰਗੀਤਾ ਦੇ ਭਰਾ ਅਜੈ ਦੀ ਸ਼ਿਕਾਇਤ ’ਤੇ ਵਿਕਰਮ ਦੇ ਖਿਲਾਫ ਕਤਲ ਕੇਸ ਦਰਜ ਕੀਤਾ ਹੈ। ਸੈਕਟਰ 32-33 ਥਾਣੇ ਦੇ ਇੰਚਾਰਜ ਸੁਰਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀ ਨੇ ਆਪਣੀ ਪਤਨੀ ’ਤੇ 10 ਵਾਰ ਕੀਤੇ। ਇਹ ਘਟਨਾ ਰਾਤ 12 ਵਜੇ ਵਾਪਰੀ। ਪੁਲਸ ਨੂੰ ਲੜਕੇ ਅਨਮੋਲ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਕੋਈ ਝਗੜਾ ਨਹੀਂ ਸੀ। ਪੁਲਸ ਅਨੁਸਾਰ ਦੋਸ਼ੀ ਆਪਣੀ ਪਤਨੀ ਦੇ ਚਰਿੱਤਰ ’ਤੇ ਸ਼ੱਕ ਕਰਦਾ ਸੀ।

## ਗਿਰਗਟ ਵਾਂਗ ਰੰਗ ਬਦਲਦੇ ਹਨ ਬਾਂਦਰ

ਜੌਹਨਸਬਰਗ, 2 ਨਵੰਬਰ (ਪੋਸਟ ਬਿਊਰੋ)- ਵੈਸੇ ਤਾਂ ਬਾਂਦਰ, ਖਾਸ ਤੌਰ ’ਤੇ ਅਫਰੀਕਾ ਦੇ ਸੰਘਣੇ ਜੰਗਲਾਂ ’ਚ ਅਜਿਹੇ ਬਾਂਦਰ ਦੇਖਣ ਨੂੰ ਮਿਲਦੇ ਹਨ, ਜੋ ਮੌਸਮ ਦੇ ਹਿਸਾਬ ਨਾਲ ਰੰਗ ਬਦਲ ਲੈਂਦੇ ਹਨ, ਪਰ ਅਫਰੀਕਾ ਤੋਂਬਿਨਾਂ ਵੀ ਦੁਨੀਆ ਦੇ ਅਨੇਕਾਂ ਹਿੱਸਿਆਂ ’ਚ ਪਲ-ਪਲ ਰੰਗ ਬਦਲਦੇ ਬਾਂਦਰ ਦੇਖਣ ਨੂੰ ਮਿਲਦੇ ਹਨ।

ਅਫਰੀਕਾ ਦੇ ਜੰਗਲਾਂ ’ਚ ਬਾਂਦਰਾਂ ਦੀਆਂ ਅਜਿਹੀਆਂ ਕਈ ਨਸਲਾਂ ਹਨ, ਜੋ ਮੌਸਮ ਦੇ ਆਧਾਰ ’ਤੇ ਆਪਣੇ ਸਰੀਰ ਦਾ ਰੰਗ ਬਦਲਦੀਆਂ ਹਨ। ਗਰਮੀ ਦੇ ਮੌਸਮ ’ਚ ਇਨ੍ਹਾਂ ਦੇ ਸਰੀਰ ਦਾ ਰੰਗ ਨੀਲਾ ਹੋ ਜਾਂਦਾ ਹੈ ਤਾਂ ਸਰਦੀ ’ਚ ਲਾਲ ਅਤੇ ਵਰਖਾ ਰੁੱਤ ’ਚ ਹਰਾ ਹੋ ਜਾਂਦਾ ਹੈ। ਪ੍ਰਾਚੀਨ ਮਿਸਰ ਦੇ ਖੰਡਰਾਂ ’ਚ ਤਾਂ ‘ਕੀਓ’ ਨਸਲ ਦੇ ਪਲ-ਪਲ ਰੰਗ ਬਦਲਣ ਵਾਲੇ ਬਾਂਦਰ ਵੀ ਮਿਲਦੇ ਹਨ, ਜਿਨ੍ਹਾਂ ਨੂੰ ਹਰ ਪਲ ਸਰੀਰ ਦਾ ਰੰਗ ਬਦਲਣ ਦੀ ਵਿਸ਼ੇਸ਼ਤਾ ਦੇ ਹੀ ਕਾਰਨ ‘ਜਾਦੂਈ ਬਾਂਦਰ’ ਵੀ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਪੇਰੂ ਦੇ ਜੰਗਲਾਂ ਵਿੱਚ ‘ਸੀਸੋ’ ਨਸਲ ਦੇ ਅਜਿਹੇ ਲੰਗੂਰ ਮਿਲਦੇ ਹਨ ਜੋ ਆਪਣੀਆਂ ਅੱਖਾਂ ਦਾ ਰੰਗ ਬਦਲਣ ਲਈ ਮਸ਼ਹੂਰ ਹਨ। ਛੋਟੇ-ਛੋਟੇ ਇਹ ਲੰਗੂਰ ਜਦੋਂ ਬਹੁਤ ਭੁੱਖੇ ਹੁੰਦੇ ਹਨ ਤਾਂ ਇਨ੍ਹਾਂ ਦੀਆਂ ਅੱਖਾਂ ਦਾ ਰੰਗ ਲਾਲ ਹੋ ਜਾਂਦਾ ਹੈ ਪਰ ਜਦੋਂ ਭੁੱਖ ਸ਼ਾਂਤ ਹੋ ਜਾਂਦੀ ਹੈ ਤਾਂ ਇਨ੍ਹਾਂ ਦੀਆਂ ਅੱਖਾਂ ਦਾ ਰੰਗ ਕਾਲਾ ਹੋ ਜਾਂਦਾ ਹੈ। ‘ਸੀਸੋ’ ਲੰਗੂਰਾਂ ਵਾਂਗ ਹੀ ਕੋਰੀਆ ਦੇ ਪਹਾੜਾਂ ’ਤੇ ਵੀ ਅਜਿਹੇ ਲੰਗੂਰ ਹਨ, ਜੋ ਗੁੱਸੇ ਵਿੱਚ ਹੋਣ ਤਾਂ ਅੱਖਾਂ ਜਾਂ ਚਿਹਰੇ ਦਾ ਨਹੀਂ, ਪੂਛ ਦਾ ਰੰਗ ਬਦਲ ਜਾਂਦਾ ਹੈ। ਜਦੋਂ ਇਹ ਗੁੱਸੇ ’ਚ ਹੁੰਦੇ ਹਨ ਤਾਂ ਇਨ੍ਹਾਂ ਦੀ ਪੂਛ ਦਾ ਰੰਗ ਗਿਰਗਟ ਵਾਂਗ ਬਦਲਣ ਲੱਗਦਾ ਹੈ।

## ਅਮਰੀਕਾ ’ਚ ਅਗਾਊਂ ਵੋਟਿੰਗ ਵਿੱਚ ਰਿਕਾਰਡ ਬਣਿਆ




ਸੈਕਰਾਂਮੈਂਟੋ, 2 ਨਵੰਬਰ (ਪੋਸਟ ਬਿਊਰੋ)- 2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਅਗਾਊਂ ਵੋਟਿੰਗ ਦੇ ਨਵੇਂ ਰਿਕਾਰਡ ਬਣੇ ਹਨ। ਟੈਕਸਾਸ ਵਿੱਚ ਅਗਾਊਂ ਵੋਟਿੰਗ ਚਾਰ ਸਾਲ ਪਹਿਲਾਂ ਪਈਆਂ ਕੁਲ ਵੋਟਾਂ ਤੋਂ ਟੱਪ ਗਈ ਹੈ। ਟੈਕਸਾਸ ਦੇ ਸਟੇਟ ਦਫ਼ਤਰ ਅਨੁਸਾਰ 2016 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਰਜਿਸਟਰਡ 15,101,087 ਵੋਟਰਾਂ ਵਿੱਚੋਂ 8,969,226 ਵੋਟਰਾਂ ਨੇ ਵੋਟਾਂ ਪਾਈਆਂ ਸਨ, ਇਸ ਵਾਰ ਕੱਲ੍ਹ ਤੱਕ 9,00,850 ਵੋਟਾਂ ਭੁਗਤ ਚੁੱਕੀਆਂ ਹਨ।

ਇਹ ਜਾਣਕਾਰੀ ਸਰਕਾਰੀ ਤੌਰ ’ਤੇ ਦਿੱਤੀ ਗਈ ਹੈ। 8,062,615 ਵੋਟਰਾਂ ਨੇ ਨਿੱਜੀ ਤੌਰ ’ਤੇ ਪੋਲਿੰਗ ਸਥਾਨ ’ਤੇ ਪਹੁੰਚ ਕੇ ਬਕਸਿਆਂ ਵਿੱਚ ਵੋਟ ਪਾਈ ਹੈ ਜਦ ਕਿ 947235 ਵੋਟਰਾਂ ਨੇ ਡਾਕ ਰਾਹੀਂ ਵੋਟ ਪਾਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕੋਰੋਨਾ ਕਾਰਨ ਵੋਟਰਾਂ ਨੇ ਡਾਕ ਰਾਹੀਂ ਜਾਂ ਅਗਾਊਂ ਨਿੱਜੀ ਤੌਰ ’ਤੇ ਵੋਟਾਂ ਪਾਉਣ ਨੂੰ ਪਹਿਲ ਦਿੱਤੀ ਹੈ। ਟੈਕਸਾਸ ਵਿੱਚ ਵੋਟਰ ਕਿਸੇ ਪਾਰਟੀ ਦੁਆਰਾ ਰਜਿਸਟਰ ਨਹੀਂ ਕੀਤੇ ਗਏ, ਇਸ ਲਈ ਅਗਾਊਂ ਵੋਟਿੰਗ ਤੋਂਅੰਦਾਜ਼ਾਨਹੀਂ ਲਾਇਆ ਜਾ ਸਕਦਾ ਕਿ ਵੱਧ ਵੋਟ ਡੈਮੋਕ੍ਰੇਟਸ ਪਾਰਟੀ ਜਾਂ ਰਿਪਬਲੀਕਨ ਪਾਰਟੀ ਨੂੰ ਪਏ ਹਨ। ਟੈਕਸਾਸ ਅਮਰੀਕਾ ਦੀ ਸਭ ਤੋਂ ਵੱਧ ਆਬਾਦੀ ਵਾਲਾ ਦੂਸਰਾ ਰਾਜ ਹੈ। ਚਾਰ ਸਾਲ ਪਹਿਲਾਂ ਡੋਨਾਲਡ ਟਰੰਪ ਇਸ ਰਾਜ ਵਿੱਚ 9 ਫੀਸਦੀ ਨਾਲ ਜੇਤੂ ਰਹੇ ਸਨ। ਸਮੁੱਚੇ ਅਮਰੀਕਾ ਵਿੱਚ 8.40 ਕਰੋੜ ਵੋਟਰ ਵੋਟ ਪਾ ਚੁੱਕੇ ਹਨ ਅਤੇ ਇਹਸਾਲ 2016 ਵਿੱਚ ਪਈਆਂ ਕੁੱਲ ਵੋਟਾਂ ਦਾ ਤਕਰੀਬਨ 61 ਫੀਸਦੀ ਬਣਦਾ ਹੈ।

# ਟਰੰਪ ਦੀਆਂ ਰੈਲੀਆਂ ਵਿੱਚ ਜਾਣਾ ਉਸ ਦੇ ਸਮਰਥਕਾਂ ਨੂੰ ਮਹਿੰਗਾ ਪਿਆ

### * 30 ਹਜਾਰ ਕੋਰੋਨਾ ਪੀੜਿਤ ਹੋਏ, 700 ਤੋਂ ਵੱਧ ਦੀ ਮੌਤ

ਨਿਊ ਯਾਰਕ, 2 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਰਾਸ਼ਟਰਪਤੀ ਚੋਣ ਲਈ ਪ੍ਰਚਾਰ ਦੌਰਾਨ ਕੋਰੋਨਾ ਵਾਇਰਸ ਦੇ ਮਾਮਲੇ ਵੀ ਤੇਜ਼ੀ ਨਾਲ ਵਧੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੀਤੀਆਂ ਗਈਆਂ 18 ਚੋਣ ਰੈਲੀਆਂ ਨੂੰ ਲੈ ਕੇ ਇੱਕ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਕਾਰਨ ਦੇਸ਼ ਵਿੱਚ ਮਹਾਮਾਰੀ ਦੇ ਤੀਹ ਹਜ਼ਾਰ ਤੋਂ ਜ਼ਿਆਦਾ ਨਵੇਂ ਮਾਮਲੇ ਸਾਹਮਣੇ ਆਏ ਅਤੇ ਸੱਤ ਸੌ ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ।



ਸਟੇਨਫੋਰਡ ਯੂਨੀਵਰਸਿਟੀ ਦੇ ਖੋਜੀਆਂ ਵੱਲੋਂ ਕੀਤੇ ਅਧਿਐਨ ਮੁਤਾਬਕ ਡੋਨ-ਾਲਡ ਟਰੰਪ ਦੀਆਂ ਰੈਲੀਆਂ ਵਿੱਚ ਜਾਣ ਦੀ ਸਮਰਥਕਾਂ ਨੂੰ ਭਾਰੀ ਕੀਮਤ ਚੁਕਾਉਣੀ ਪਈ ਹੈ। ‘ਦ ਇਫੈਕਟ ਆਫ ਲਾਰਜ ਗਰੁੱਪ ਮੀਟਿੰਗ ਆਨ ਦ ਸਪਰੈੱਡ ਆਫ ਕੋਰੋਨਾ-ਦ ਕੇਸ ਆਫ ਟਰੰਪ ਰੈਲੀ’ ਸਿਰਲੇਖ ਦੇ ਇਸ ਅਧਿਐਨ ਵਿੱਚ ਖੋਜੀਆਂ ਨੇ ਵੀਹ ਜੂਨ ਤੋਂ 22 ਸਤੰਬਰ ਦੌਰਾਨ ਹੋਈਆਂ ਟਰੰਪ ਦੀਆਂ 18 ਚੋਣ ਰੈਲੀਆਂ ’ਤੇ ਖੋਜ ਕੀਤੀ ਹੈ। ਇਸ ਤੋਂ ਪਤਾ ਲੱਗਾ ਹੈ ਕਿ ਇਸ ਦੌਰਾਨ ਰੈਲੀ ਵਿੱਚ ਸ਼ਾਮਲ 30 ਹਜ਼ਾਰ ਲੋਕ ਮਹਾਂਮਾਰੀ ਦੀ ਲਪੇਟ ਵਿੱਚ ਆਏ ਹਨ। ਰੈਲੀ ਵਿੱਚ ਸ਼ਾਮਲ 700 ਤੋਂ ਜ਼ਿਆਦਾ ਲੋਕਾਂ ਦੀ ਕੋਰੋਨਾ ਇਨਫੈਕਸ਼ਨ ਦੀ ਲਪੇਟ ਵਿੱਚ ਆਉਣ ਨਾਲ ਮੌਤ ਹੋਈ ਹੈ। ਖੋਜੀਆਂ ਨੇ ਅਧਿਐਨ ਵਿੱਚ ਕਿਹਾ ਕਿ ਸਾਡਾ ਵਿਸ਼ਲੇਸ਼ਣ ਵੱਡੇ ਸਮਾਗਮਾਂ ਵਿੱਚ ਕੋਰੋਨਾ ਦੇ ਫੈਲਣ ਦੇ ਜੋਖਮ ਬਾਰੇ ਸਿਹਤ ਅਧਿਕਾਰੀਆਂ ਵੱਲੋਂ ਦਿੱਤੀ ਚਿਤਾਵਨੀ ਦਾ ਸਮਰਥਨ ਕਰਦਾ ਹੈ, ਖਾਸ ਕਰ ਕੇ ਜਦੋਂ ਮਾਸਕ ਦੀ ਵਰਤੋਂ ਅਤੇ ਸਰੀਰਕ ਦੂਰੀ ਦੀ ਪਾਲਣਾ ਨਹੀਂ ਕੀਤੀ ਗਈ। ਜਿਨ੍ਹਾਂ ਲੋਕਾਂ ਨੇ ਟਰੰਪ ਦੀ ਰੈਲੀ ਵਿੱਚ ਹਿੱਸਾ ਲਿਆ, ਉਨ੍ਹਾਂ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਈ ਹੈ।

ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋ ਬਿਡੇਨ ਨੇ ਇਸ ਅਧਿਐਨ ਨੂੰ ਟਵਿੱਟਰ ’ਤੇ ਪੋਸਟ ਕੀਤਾ ਅਤੇ ਕਿਹਾ ਕਿ ਰਾਸ਼ਟਰਪਤੀ ਤੁਹਾਡੀ ਚਿੰਤਾ ਨਹੀਂ ਕਰਦੇ ਤੇ ਆਪਣੇ ਸਮਰਥਕਾਂ ਦੀ ਵੀ ਚਿੰਤਾ ਨਹੀਂ ਕਰਦੇ। ਇਸ ਦੌਰਾਨ ਰੋਗ ਕੰਟਰੋਲ ਅਤੇ ਰੋਕਥਾਮ ਕੇਂਦਰ (ਸੀ ਡੀ ਸੀ) ਨੇ ਸਲਾਹ ਦਿੱਤੀ ਹੈ ਕਿ ਵੱਡੇ ਪ੍ਰੋਗਰਾਮਾਂ ’ਚ, ਵਿਸ਼ੇਸ਼ ਤੌਰ ’ਤੇ ਅਜਿਹੀਆਂ ਥਾਂਵਾਂ ਵਿੱਚ ਜਿੱਥੇ ਸ਼ਾਮਲ ਹੋਣ ਵਾਲੇ ਲੋਕ ਮਾਸਕ ਨਹੀਂ ਪਾਉਂਦੇ ਹਨ ਜਾਂ ਸਰੀਰਕ ਦੂਰੀ ਦੀ ਪਾਲਣਾ ਨਹੀਂ ਕਰਦੇ ਹਨ ਉਥੇ ਇਨਫੈਕਸ਼ਨ ਦਾ ਖਤਰਾ ਸਭ ਤੋਂ ਜ਼ਿਆਦਾ ਹੈ।

## ਕੁਈਨਜ਼ਲੈਂਡ ਦੇ ਵੋਟਰਾਂ ਦਾ ਆਸਟ੍ਰੇਲੀਅਨ ਲੇਬਰ ਪਾਰਟੀ ਦੇ ਹੱਕ ’ਚ ਫਤਵਾ

ਬ੍ਰਿਸਬੇਨ, 2 ਨਵੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਸੂਬਾ ਕੁਈਨਜ਼ਲੈਂਡ ਦੇ ਚੋਣ ਕਮਿਸ਼ਨ ਨੇ 57ਵੀਂ ਪਾਰਲੀਮੈਂਟ (ਵਿਧਾਨ ਸਭਾ) ਦੀਆਂ 93 ਸੀਟਾਂ ਲਈ 31 ਅਕਤੂਬਰ ਨੂੰ ਆਮ ਚੋਣਾਂ ਕਰਵਾਈਆ ਹਨ। ਇਨ੍ਹਾਂ ਚੋਣਾਂ ’ਚ ਮੌਜੂਦਾ ਸੱਤਾਧਾਰੀ ਲੇਬਰ ਪਾਰਟੀ ਦੀ ਪ੍ਰੀਮੀਅਰ ਐਨਾਸ਼ਟੇਸ਼ੀਆ ਪਾਲਾਸ਼ਾਈ ਦੀ ਆਪਣੀ ਪਾਰਟੀ ਦੀ ਇਤਿਹਾਸਕ ਜਿੱਤ ਨਾਲਦੂਜੇ ਵਿਸ਼ਵ ਯੁੱਧ ਤੋਂ ਬਾਅਦ ਕੁਈਨਜ਼ਲੈਂਡ ਦੀ ਸਭ ਤੋਂ ਲੰਬੇ ਸਮੇਂ ਤੋਂ ਸੇਵਾ ਕਰਦੀ ਲੇਬਰ ਪਾਰਟੀ ਦੀ ਪ੍ਰੀਮੀਅਰ ਬਣਨ ਜਾ ਰਹੀ ਹੈ। ਉਹ ਲਗਾਤਾਰ ਤਿੰਨ ਚੋਣਾਂ ਜਿੱਤਣ ਵਾਲੀ ਆਸਟਰੇਲੀਆ ਦੀ ਪਹਿਲੀ ਮਹਿਲਾ ਪ੍ਰੀਮਿਅਰ ਹੈ।

ਲੇਬਰ ਪਾਰਟੀ ਦੀ ਜਿੱਤ ਉੱਤੇ ਐਨਾਸ਼ਟੇਸ਼ੀਆ ਪੈਲਾਸ਼ਾਈ ਨੇ ਸੂਬੇ ਦੇ ਵੋਟਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਨੇ ਉਨ੍ਹਾਂਦੇ ਕੀਤੇ ਕੰਮਾਂ ਕਰਕੇ ਲੇਬਰ ਪਾਰਟੀ ਨੂੰ ਮੁਕੰਮਲ ਬਹੁਮਤ ਨਾਲ ਪਾਰਲੀਮੈਂਟ ’ਚ ਭੇਜਿਆ ਹੈ। ਲੇਬਰ ਪਾਰਟੀ ਨੇ 50 ਸੀਟਾਂ ਉੱਤੇ ਜਿੱਤ ਦਰਜ ਕੀਤੀ ਹੈ। ਵਿਰੋਧੀ ਧਿਰ ਲਿਬਰਲ ਨੈਸ਼ਨਲ ਪਾਰਟੀ ਨੂੰ 31 ਸੀਟਾਂ ਹੀ ਮਿਲੀਆਂ ਹਨ। ਗਰੀਨ ਪਾਰਟੀ ਨੂੰ ਦੋ, ਪੌਲੀਨ ਹੈਂਸਨ ਦੀ ਵੰਨ ਨੇਸ਼ਨ ਪਾਰਟੀ ਨੂੰ 1, ਕੈਟਰ ਪਾਰਟੀ ਨੂੰ 2 ਅਤੇ 1 ਸੀਟ ’ਤੇ ਆਜ਼ਾਦ ਉਮੀਦਵਾਰ ਨੇ ਜਿੱਤ ਦਰਜ ਕੀਤੀ ਹੈ। ਗਰੀਨ ਪਾਰਟੀ ਦੇ ਉਮੀਦਵਾਰ ਐਮੀ ਮੈਕਮਾਨ ਨੇ ਸਾਊਥ ਬ੍ਰਿਸਬੇਨ ’ਚ ਵੱਡਾ ਉਲਟਫੇਰ ਕਰਦਿਆਂ ਸਾਬਕਾ ਪ੍ਰੀਮੀਅਰ ਜੈਕੀ ਟ੍ਰਾਡ ਨੂੰ ਲੱਗਭਗ 1000 ਵੋਟਾਂ ਨਾਲ ਹਰਾਇਆ ਹੈ।

ਇਨ੍ਹਾਂ ਚੋਣਾਂ ਦਾ ਮੁੱਖ ਮੁੱਦਾ ਪ੍ਰੀਮੀਅਰ ਵੱਲੋਂ ਕੁਈਨਜਲੈਂਡ ਸੂਬੇ ਦੇ ਬਾਰਡਰ ਨਾ ਖੋਲ੍ਹਣਾ ਰਿਹਾ। ਤਿੰਨੇ ਭਾਰਤੀ ਉਮੀਦਵਾਰ ਆਪਣੀ ਸੀਟ ਨਹੀਂ ਜਿੱਤ ਸਕੇ। ਪਾਰਟੀ ਹੈਡਕੁਆਰਟਰ ਵਿਖੇ ਸਮਰਥਕਾਂ ਨੂੰ ਸੰਬੋਧਿਤ ਕਰਦਿਆਂ ਸ੍ਰੀਮਤੀ ਪਾਲਾਸ਼ਾਈ ਨੇ ਮੰਨਿਆ ਕਿ ਇਹ ਸਾਲ ਬਹੁਤ ਸਾਰੇ ਲੋਕਾਂ ਲਈ ਆਸਾਨ ਨਹੀਂਸੀ, ਪਰ ਕੋਵਿਡ-19 ਦੌਰਾਨ ਕੁਈਨਜ਼ਲੈਂਡ ਦੀਆਂ ਸਿਹਤ ਤੇ ਸਰਹੱਦੀ ਨੀਤੀਆਂ ਨੂੰ ਲੋਕਾਂ ਨੇ ਸਮਰਥਨ ਦਿੱਤਾ ਹੈ। ਉਸ ਨੇ ਸਾਬਕਾ ਨੀਤੀ ਅਤੇ ਮੀਡੀਆ ਸਲਾਹਕਾਰ ਦੀ ਸੇਵਾ ਨਿਭਾਉਣ ਉਪਰੰਤ 2006 ’ਚ ਆਪਣੇ ਪਿਤਾ ਦੀ ਇਨਾਲਾ ਦੀ ਸੀਟ ਤੋਂ ਜਿੱਤ ਕੇ ਰਾਜਨੀਤਿਕ ਜੀਵਨ ਦੀ ਸ਼ੁਰੂਆਤ ਕੀਤੀ ਸੀ ਅਤੇ ਅੱਗੇ ਵਧਦੀ ਜਾ ਰਹੀ ਹੈ।

## ਚੀਨ ਨੇ ਪੂਰਬੀ ਤੁਰਕਿਸਤਾਨ ਦੀ ਡੈਮੋਗ੍ਰਾਫੀ ਬਦਲ ਕੇ ਇਸ ਦੀ ਥਾਂ ‘ਸ਼ਿਨਾਜਿਆਂਗ’ ਬਣਾਇਆ

ਪੇਈਚਿੰਗ, 2 ਨਵੰਬਰ (ਪੋਸਟ ਬਿਊਰੋ)- ਪੂਰਬੀ ਤੁਰਕਿਸਤਾਨ 18ਵੀਂ ਸਦੀ ਵਿੱਚ ਚੀਨੀ ਕਬਜ਼ੇ ’ਚ ਆ ਗਿਆ ਸੀ, ਜਦੋਂ ਮੰਚੂ ਸਾਮਰਾਜ ਦੇ ਕਿੰਗ ਰਾਜਵੰਸ਼ ਨੇ ਇਸ ਨੂੰ ਰੱਦ ਕਰ ਦਿੱਤਾ ਸੀ, ਪਰ ਇਹ ਕਦੇ ਵੀ ਪੂਰੀ ਤਰ੍ਹਾਂ ਨਾਲ ਨਹੀਂ ਦਬਿਆ ਅਤੇ ਦਸੰਬਰ 1949 ਵਿੱਚ ਚੀਨੀ ਹਮਲੇ ਤੱਕ ਇਸ ਨੂੰ ਇੱਕ ਆਜ਼ਾਦ ਰਾਜ ਮੰਨਿਆ ਗਿਆ ਸੀ। ਚੀਨੀ ਪੂਰਬੀ ਤੁਰਕਿਸਤਾਨ ’ਤੇ ਆਪਣਾ ਦਾਅਵਾ ਕਰਦੇ ਹਨ, ਭਾਵੇਂ ਉਹ ਖੁਦ ਮੰਚੂ ਨੂੰ ਬਾਹਰੀ ਤੇ ਅਸੱਭਿਆ ਲੋਕ ਮੰਨਦੇ ਸਨ। ਉਨ੍ਹਾਂ ਦਾ ਦਾਅਵਾ ਕਿੰਗ ਰਾਜਵੰਸ਼ ਵੱਲੋਂ ਖੇਤਰ ਦੇ ਹਮਲੇ ’ਤੇ ਆਧਾਰਿਤ ਹੈ।




ਬਾਅਦ ਵਿੱਚ ਚੀਨ ਨੇ ਪੂਰਬੀ ਤੁਰਕਿ-ਸਤਾਨ ਦੀ ਡੈਮੋਗ੍ਰਾਫੀ ਨੂੰ ਬਦਲ ਕੇ ‘ਸ਼ਿਨਜਿਆਂਗ’ ਬਣਾ ਦਿੱਤਾ ਹੈ। ਪੂਰਬੀ ਤੁਰਕਿਸਤਾਨ ਦਾ ਨਵਾਂ ਨਾਂਅ ‘ਸ਼ਿਨਜਿਆਂਗ’ ਹੈ। ਚੀਨ ਪੂਰਬੀ ਤੁਰਕਿਸਤਾਨ ਦੇ ਆਪਣੇ ਕਬਜ਼ੇ ਦੇ ਸੱਚ ਨੂੰ ਦੁਨੀਆ ਦੇ ਬਾਕੀ ਹਿੱਸਿਆਂ ਨਾਲੋਂ ਸਥਾਨਕ ਆਬਾਦੀ ਨੂੰ ਹਟਾਉਣ ਅਤੇ ਇੱਕ ਕਾਲਪਨਿਕ ਕਹਾਣੀ ਫੈਲਾਉਣ ’ਚ ਸਫਲ ਰਿਹਾ ਹੈ ਕਿ ਜ਼ਮੀਨ ਉਨ੍ਹਾਂ ਦੇ ਵੱਡਿਆਂਵੱਲੋਂ ਵਿਰਾਸਤ ਵਿੱਚ ਮਿਲੀ ਸੀ। ਚੀਨ ਉਥੋਂ ਦੀ ਵੱਧਤੋਂਵੱਧ ਚੀਨੀ ਆਬਾਦੀ ਨੂੰ ਤਬਦੀਲ ਕਰ ਕੇ ਇਸ ਖੇਤਰ ਦੀ ਡੈਮੋਗ੍ਰਾਫੀ ਢਾਂਚੇ ’ਚ ਤਬਦੀਲੀ ਕਰ ਰਿਹਾ ਹੈ। ਸਥਾਨਕ ਲੋਕਾਂ ਵੱਲੋਂ ਜ਼ਬਰਨ ਦੁਨੀਆ ਨਾਲੋਂ ਕੱਟ ਦਿੱਤੇ ਜਾਣ ਨਾਲ ਪੂਰਬੀ ਤੁਰਕਿਸਤਾਨ ਨਾ ਸਿਰਫ ਆਪਣੀ ਆਜ਼ਾਦੀ ਗੁਆ ਚੁੱਕਾ ਹੈ, ਸਗੋਂ ਹੌਲੀ-ਹੌਲੀ ਆਪਣੀ ਪਛਾਣ ਵੀ ਗੁਆ ਰਿਹਾ ਹੈ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

## HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment (416) 970-5005

Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: Complete Basement, Tiles, Bathrooms, Plumbing, Laminate, Hardwood Floor, Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



### CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੇ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772


ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

## UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com


CANOPY TOWERS
Canopy Towers - Building A
Exterior Rendering - Dusk View by Liberty Development
NEW CONDOS COMING SOON
Beautiful nature, luxurious amenities, a rooftop lifestyle park, close to urban conveniences, in vibrant downtown Mississauga.
Starting From $440,900
FREE ASSIGNMENT
PERMISSION TO LEASE DURING OCCUPANCY
CAPPED DEVELOPMENT CHARGERS
QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites
EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy
Residential
Commercial
Investment
Century 21
President Realty Inc
Brokerage*
Independently Owned and Operated.
Grewalhomes.com
Jagdish Grewal
Sales Representative
416 877-6464
or E-mail Jagdish@grewalhomes.com


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

